


www.PunjabiLibrary.com

Webtopdfconverter.com

## ਕੱਚ ਦੇ ਸੁਪਨੇ

.......... ਸੁਪਨੇ ਪੂਰੇ ਕਰਨ ਵ੍ਹੇਲੇ, ਕਿਉਂ ਸੌਂ ਰਹੀ ਜ਼ਿਦਗੀ?

ਨਾਲੇਂ ਹਾਂ ਸੁਪਨੇ ਕੱਚ ਦੇ ਨ੍ਹੀ ਹੁੰਦੇ,
ਕੱਚ ਦੇ ਵਰਗੇ ਹੁੰਦੇ ਨੇ,
ਚਾਹੇ ਤਾਂ ਸ਼ਿੰਗਾਰ ਲਈ ਸ਼ੀਸ਼ਾ ਬਣਾ ਲਵੋ
ਚਾਹੇ ਤੋੜ ਸੀਨੇ ਜ਼ਖਮ ਖਾ ਲਵੋ।

ਲੇਖਕ - ਗੁਰਦੀਪ ਸਿੰਘ ਰੱਖੜਾ

www.PunjabiLibrary.com

Webtopdfconverter.com

੧ੳ ਸਤਿਗੁਰਪ੍ਰਸਾਦਿ।।
ਵਾਹਿਗੁਰੂ ਜੀ ਦੀ ਕਿਰਪਾ ਨਾਲ ਨਵੀਂ ਕਿਤਾਬ ਦੀ ਸ਼ੁਰੂਆਤ 🙏

(ਭਾਗ-ਪਹਿਲਾ)

"ਉੱਠ ਖੜ੍ਹ ਕੁੜੀਏ ਦੇਖ ਸਮਾਂ ਕਿੰਨਾ ਹੋ ਗਿਆ, ਉੱਠ ਮੇਰਾ ਪੁੱਤ"। (ਬਸੰਤ ਕੌਰ ਨੇ ਅਪਣੇ ਸੁੱਤੇ ਪਏ ਜਵਾਕਾਂ ਨੂੰ ਹਾਕ ਮਾਰਦੇ ਹੋਏ ਕਿਹਾ)

"ਸੌ ਲੈਣ ਦੇ ਮੰਮੀ, ਮਸਾਂ - ਮਸਾਂ ਤਾਂ ਇੱਕ ਐਤਵਾਰ ਆਉਂਦਾ"।( ਰਜਾਈ ਵਿੱਚੋ ਬਬਲੀ ਦੀ ਆਵਾਜ਼ ਆਈ), ਜੋ ਘਰ ਵਿੱਚੋ ਦੂਜੇ ਨੰਬਰ ਤੇ ਸਭ ਤੋਂ ਵੱਡੀ ਕੁੜੀ ਸੀ ।

"ਪੁੱਤ ਉੱਠਕੇ ਟੈਮ ਤੇ ਬੰਦਾ ਚਾਹ ਪਾਣੀ ਪੀਵੇ, ਨਾਲੇ ਮੈਂ ਵੀ ਕੱਖ ਲੈ ਕੇ ਆਉਣੇ ਆ, ਫਿਰ ਪਿੱਛੋਂ ਕਿਤੇ ਸੁੱਤੇ ਰਵੇਂ"। (ਬਸੰਤ ਕੌਰ ਨੇ ਅਪਣੇ ਜਵਾਕਾਂ ਨੂੰ ਕਿਹਾ)

"ਕਿਉਂ ਗਾਹ ਪਾਇਆ ਸਵੇਰੇ ਸਵੇਰੇ ਸੌ ਲੈਣ ਦੋ"। (ਘਰ ਦਾ

Webtopdfconverter.com

ਇਕਲੌਤਾ ਮੁੰਡਾ ਮਨਜੀਤ ਰਜਾਈ ਵਿੱਚੋਂ ਗੁੱਸੇ ਵਿੱਚ ਖਿੱਝ ਕੇ ਬੋਲਿਆ)।

"ਆਹੋ ਮੱਕੀ ਗੁੱਡ ਕੇ ਆਏ ਸੀ ਨਾ ਰਾਤ, ਜਿਹੜੇ ਥੱਕ ਗਏ ਹੁਣ ਨੀਂਦ ਨ੍ਹੀ ਉਤਰਦੀ ਥੋਡੀ"। (ਬਸੰਤ ਕੌਰ ਗੁੱਸੇ ਵਿੱਚ ਬੋਲੀ) ।

"ਮੰਮੀ ਕਿਉਂ ਲੱਗੀ ਆ ਏਨ੍ਹਾਂ ਨਾਲ ਮੱਥਾ ਲਾਉਣ, ਤੈਨੂੰ ਪਤਾ ਤਾਂ ਹੈਗਾ ਏਨ੍ਹਾ ਮਰਜ਼ੀ ਕਰਨੀ ਆ ਅਪਣੀ"। (ਘਰ ਦੀ ਸਭ ਤੋਂ ਵੱਡੀ ਕੁੜੀ ਸੁਖਵਿੰਦਰ ਬੋਲੀ) ।

ਸੁਖਵਿੰਦਰ ਦੇ ਹੱਥ ਵਿੱਚ ਚਾਹ ਦੀ ਵਾਟੀ ਸੀ, ਤੇ ਅਪਣੀ ਮੰਮੀ ਨੂੰ ਚਾਹ ਫੜਾਉਂਦੀ ਬੋਲੀ - "ਤੂੰ ਚਾਹ ਪੀ, ਨਾਲੇ ਸਬਜ਼ੀ ਮੈਂ ਬਣਾਤੀ ਤੇ ਤੇਰੇ ਵਾਸਤੇ ਰੋਟੀ ਵੀ, ਜਦੋਂ ਏਹ ਉੱਠਣ ਗੇ ਤਾਂ ਏਨ੍ਹਾਂ ਦੀ ਵੀ ਲਾਅ ਦਊਂ।"

ਲੈ ਪੁੱਤ ਆਪੇ ਕਰੀ ਜਾਂਦੀ ਆ ਸਾਰਾ ਕੁੱਝ, ਏਨ੍ਹਾਂ ਨੂੰ ਵੀ ਕੰਮ ਲਾ ਲਿਆ ਕਰ ਕੋਈ, ਨਾਲੇ ਕੁੱਝ ਸਿੱਖ ਲੈਣ ਗੀਆਂ ਹੁਣ ਤੇਰੇ ਤੋਂ , ਨਹੀਂ ਤਾਂ ਕੱਲ੍ਹ ਨੂੰ ਸੋਹਰੇ ਜਾਕੇ ਮੇਰਾ ਨਾਮ ਖਰਾਬ ਹੀ ਕਰਨਾ ਏਨ੍ਹਾ ਨੇ । ਹਾਂ ਨਾਲੇ ਪਤਾ ਤਾਂ ਉਦੋਂ ਹੀ ਲੱਗਜੂ ਜਦੋਂ ਤੇਰਾ ਵਿਆਹ ਕੀਤਾ, ਫਿਰ ਏਨ੍ਹਾਂ ਨੂੰ ਕੰਮ ਕਰਨਾ ਪਊ ਘਰ ਦਾ ਸਾਰਾ,


Webtopdfconverter.com

ਮੈਂ ਨ੍ਹੀ ਕਰਾਉਣਾ ਕੁੱਛ ਵੀ ਏਨ੍ਹਾਂ ਨਾਲ , ਹੁਣ ਤਾਂ ਤੇਰੇ ਸਿਰ ਤੇ ਚਾਂਬਲਦੀਆਂ ਨੇ। (ਬਸੰਤ ਕੋਰ ਨੇ ਛੋਟੀਆਂ ਕੁੜੀਆਂ ਨੂੰ ਤਾਂਨ੍ਹਾਂ ਮਾਰਦੇ ਕਿਹਾ )।

“ਲੈ ਮੰਮੀ ਹੁਣ ਮੇਰੇ ਵਿਆਹ ਦੀ ਗੱਲ ਕਿੱਥੋਂ ਆਈ ਵਿੱਚ” । (ਸੁਖਵਿੰਦਰ ਹੈਰਾਨੀ ਜੇ ਨਾਲ ਅਪਣੀ ਮੰਮੀ ਵੱਲ ਦੇਖਦੀ ਹੋਈ ਬੋਲੀ) ।

ਬਬਲੀ ਰਜਾਈ ਵਿੱਚੋ ਉੱਠ ਖੜ੍ਹੀ ਹੋਈ ਤੇ ਬੋਲੀ "ਆਹੋ ਏਹਦਾ ਵਿਆਹ ਆਪਾਂ ਕੋਲ ਪਿੰਡ ਹੀ ਕਰਦਾ ਗੇ", ਸਵੇਰੇ- ਸਵੇਰੇ ਚਾਹ-ਰੋਟੀ ਬਣਾਕੇ ਦੇ ਜਿਆ ਕਰੂ , ਰਜਾਈ ਵਿੱਚੋ ਬਾਕੀ ਉਸਦੀਆਂ ਦੋਵੇਂ ਭੈਣਾਂ ਵੀ ਉੱਠ ਹੱਸਣ ਲੱਗੀਆਂ ਤੇ ਮਨਜੀਤ ਅਜੇ ਵੀ ਸੁੱਤਾ ਪਿਆ ਸੀ।

ਆਹੋ ਤੂੰ ਨਾਂ ਸੁਧਰੀ ਪਰ, (ਬਸੰਤ ਕੋਰ ਨੇ ਪਿਆਰ ਜੇ ਨਾਲ ਅਪਣੀ ਕੁੜੀ ਬਬਲੀ ਦੇ ਥੱਪੜ ਮਾਰਦੇ ਕਿਹਾ) ।

ਸੁਖਵਿੰਦਰ ਤੇ ਬਬਲੀ ਨੇ ਅਪਣੀ ਮਾਂ ਨੂੰ ਜੱਫੀ ਪਾ ਲਈ ਤੇ ਛੋਟੀਆਂ ਕੁੜੀਆਂ ਵੀ ਆ ਕੇ ਉਹਨਾਂ ਨਾਲ ਲਿਪਟ ਗਈਆਂ ਤੇ ਏਨੇ ਨੂੰ ਮਨਜੀਤ ਵੀ ਉੱਠ ਗਿਆ। ਘਰ ਵਿੱਚ ਸਭ ਤੋਂ ਵੱਡੀ ਕੁੜੀ ਸੁਖਵਿੰਦਰ ਤੇ ਉਸਦੀਆਂ ਤਿੰਨ ਛੋਟੀਆਂ ਭੈਣਾਂ ਤੇ ਭਾਈ ਅਪਣੀ ਮੰਮੀ ਨਾਲ ਰਹਿੰਦੇ।

www.PunjabiLibrary.com

Webtopdfconverter.com

"ਚੱਲ ਹੁਣ ਉੱਠੋ, ਅਪਣਾ ਮੂੰਹ ਧੋਵੋ ਤੇ ਬੁਰਸ਼ ਕਰੋ, ਫਿਰ ਚਾਹ ਪਾਣੀ ਪੀਓ, ਬਬਲੀ ਤੂੰ ਪੁੱਤ ਭਾਂਡੇ ਮਾਂਜ ਦੀ ਤੇ ਤੂੰ ਕੁੜੀਏ ਝਾੜੂ ਲਾ ਦੀ, ਮੈਂ ਚੱਲੀ ਆਂ ਕੱਖ ਲੈਣ, ਦੇਖਦੀ ਆ ਜੇ ਕਿਤੋਂ ਮਿਲੇ" । ਬਸੰਤ ਕੌਰ ਅਪਣੀਆਂ ਕੁੜੀਆਂ ਨੂੰ ਕੰਮ ਗਿਣਾ ਕੇ ਹੱਥ ਵਿੱਚ ਪੱਲੀ ਤੇ ਦਾਤਰੀ ਫੜ੍ਹ ਕੇ ਬਾਹਰ ਨਿੱਕਲ ਗਈ।

ਮਨਜੀਤ ਅਪਣੀ ਮਾਂ ਦੇ ਬਾਹਰ ਜਾਂਦਿਆਂ ਹੀ ਚਾਹ ਪੀ ਕੇ ਤੇ ਬਿਨਾਂ ਰੋਟੀ ਖਾਦੇ ਬਾਹਰ ਖੇਡਣ ਨਿਕਲ ਗਿਆ।

ਸੁਖਵਿੰਦਰ ਉਹਨੂੰ ਹਾਕਾਂ ਮਾਰਦੀ ਰਹਿ ਗਈ, ਕਿ ਰੋਟੀ ਖਾ ਕੇ ਚੱਲ ਜੀ ਖੇਡਣ। ਪਰ ਮਨਜੀਤ ਨੇ ਇੱਕ ਨਾ ਸੁਣੀ ਤੇ ਬਾਹਰ ਭੱਜ ਗਿਆ ।

ਘਰ ਦਾ ਇਕਲੌਤਾ ਮੁੰਡਾ ਤੇ ਚਾਰ ਭੈਣਾਂ ਦਾ ਇਕਲੌਤਾ ਭਰਾ ਹੋਣ ਕਰਕੇ ਉਸ ਨੂੰ ਪਿਆਰ ਵੱਧ ਮਿਲਦਾ ਤੇ ਉਸ ਨੂੰ ਕੋਈ ਕੁੱਝ ਨ੍ਹੀ ਸੀ ਕਹਿੰਦਾ।

ਘਰ ਵਿੱਚ ਸੱਭ ਤੋਂ ਸਮਝਦਾਰ ਤੇ ਸਿਆਣੀ ਕੁੜੀ ਸੁਖਵਿੰਦਰ ਹੀ ਸੀ , ਉਸਨੂੰ ਪਤਾ ਹੁੰਦਾ ਕਿਹੜਾ ਕੰਮ ਕਿਵੇਂ ਕਰਨਾ ਤੇ ਕਿਸ ਕੋਲੋਂ ਕੰਮ ਕਿਵੇਂ ਕਰਾਉਣਾ । ਉਹ ਰੋਜ਼ ਸਵੇਰੇ ਜਲਦੀ ਉੱਠ ਨਹਾ ਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਚਾਹ ਬਣਾ ਲੈਂਦੀ ਤੇ ਅਪਣੀ ਮਾਂ ਨਾਲ ਕੰਮ ਵਿੱਚ ਹੱਥ ਵਟਾਉਂਦੀ। ਉਸਦੇ ਹੁੰਦਿਆ ਘਰ ਦੀਆਂ

Webtopdfconverter.com

ਬਾਕੀ ਕੁੜੀਆਂ ਨੂੰ ਏਨਾਂ ਕੰਮ ਨਹੀਂ ਸੀ ਕਰਨਾ ਪੈਂਦਾ।

ਸੁਖਵਿੰਦਰ ਵੈਸੇ ਤਾਂ ਪੜਾਈ ਵਿੱਚ ਵੀ ਵਧੀਆ ਹੀ ਸੀ , ਪਰ ਉਸਦਾ ਮਨ ਪੜਾਈ ਤੋਂ ਜ਼ਿਆਦਾ ਖੇਡਾਂ ਵਿੱਚ ਲੱਗਦਾ। ਦਰਅਸਲ ਉਹ ਕਬੱਡੀ ਦੀ ਇੱਕ ਬਹੁਤ ਵੱਡੀ ਖਿਡਾਰਨ ਬਨਣਾ ਚਾਹੁੰਦੀ ਸੀ ਤੇ ਇਸਤੋਂ ਇਲਾਵਾ ਉਹ ਰੇਸਾਂ ਵਿੱਚ ਵੀ ਬਹੁਤ ਵਧੀਆ ਖਿਡਾਰਨ ਸੀ। ਉਸਨੂੰ ਆਪਣੇ ਆਪ ਤੇ ਪੂਰਾ ਭਰੋਸਾ ਸੀ ਕਿ ਉਹ ਅਪਣਾ ਨਾਂ ਖੇਡਾਂ ਵਿੱਚ ਜਰੂਰ ਚਮਕਾਵੇ ਗੀ।
ਉਸਦਾ ਏਹ ਸ਼ੌਂਕ ਉਸਨੂੰ ਆਪਣੇ ਬਾਪੂ ਤੋਂ ਪਿਆ ਸੀ, ਜੋ ਉਸਨੂੰ ਵੱਡੇ ਵੱਡੇ ਖਿਡਾਰੀਆਂ ਵਾਰੇ ਦੱਸਦਾ ਤੇ ਅਪਣੀ ਬੱਚੀ ਨੂੰ ਵੀ ਉਹਨਾਂ ਵਰਗਾ ਬਣਨ ਬਾਰੇ ਕਹਿੰਦਾ, ਪਰ ਅਪਣੇ ਪਿਤਾ ਦੀ ਮੌਤ ਤੋਂ ਬਾਅਦ ਉਸ ਦਾ ਏਹ ਸੁਪਨਾ ਹੁਣ ਉਸਨੂੰ ਧੁੰਦਲਾ ਜਿਹਾ ਦਿਖਾਈ ਦਿੰਦਾ ਸੀ। ਪਰ ਉਸਨੇ ਕਦੇ ਹਿੰਮਤ ਨਾ ਛੱਡੀ।

ਇਕੱਲਿਆਂ ਹੀ ਪੰਜ ਬੱਚਿਆਂ ਨੂੰ ਪਾਲਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਬਸੰਤ ਕੌਰ ਨੇ ਕਿਵੇਂ ਅਪਣੇ ਪਤੀ ਦੀ ਮੌਤ ਪਿੱਛੋਂ ਅਪਣੇ ਪਰਿਵਾਰ ਨੂੰ ਸੰਭਾਲਿਆ ਏਹ ਸਿਰਫ ਉਹੀ ਜਾਣਦੀ ਸੀ।

ਸੁਖਵਿੰਦਰ ਦੀਆਂ ਬਾਕੀ ਭੈਣਾਂ ਤੇ ਭਾਈ ਉਸ ਸਮੇਂ ਬਹੁਤ ਛੋਟੇ ਸੀ ਜਦੋਂ ਉਹਨਾਂ ਦੇ ਪਿਤਾ ਦਾ ਸਾਇਆ ਉਹਨਾਂ ਦੇ ਸਿਰ ਤੋਂ

Webtopdfconverter.com

ਚੱਕਿਆ ਗਿਆ।

ਉਸ ਸਮੇਂ ਉਹਨਾਂ ਦੀ ਸਭ ਤੋਂ ਛੋਟੀ ਭੈਣ ਮਨਪ੍ਰੀਤ ਨੂੰ ਤਾਂ ਪਤਾ ਵੀ ਨ੍ਹੀ ਸੀ ਕਿ ਮੌਤ ਕੀ ਚੀਜ਼ ਹੁੰਦੀ ਆ, ਉਸਨੂੰ ਆਪਣੇ ਪਿਤਾ ਦੀ ਸ਼ਕਲ ਵੀ ਨ੍ਹੀ ਸੀ ਯਾਦ।

ਸਾਰੇ ਕਰੀਬੀ ਰਿਸ਼ਤੇਦਾਰ ਓਸ ਵੇਲੇ ਹੀ ਉਹਨਾਂ ਦਾ ਸਾਥ ਛੱਡ ਗਏ ਜਦੋਂ ਉਹਨਾਂ ਨੂੰ ਸਭ ਤੋ ਵੱਧ ਲੋੜ ਸੀ । ਤਾਹੀਓਂ ਕਹਿੰਦੇ ਨੇ ਕਿ ਬੁਰੇ ਸਮੇਂ ਵਿੱਚ ਹੀ ਅਪਣਿਆਂ ਤੇ ਪਰਾਇਆ ਦਾ ਪਤਾ ਲੱਗਦਾ। ਏਹੋ ਜਿਹੇ ਹਾਲਾਤਾਂ ਨੇ ਹੀ ਸੁਖਵਿੰਦਰ ਨੂੰ ਜਲਦੀ ਸਿਆਣੇ ਬਣਾ ਦਿੱਤਾ ।

ਹੁਣ ਤਾਂ ਸੁਖਵਿੰਦਰ ਵੀ ਬਾਹਰ ਕੰਮ ਕਰਦੀ, ਕਦੇ ਮਿਸਤਰੀ ਨਾਲ ਕਦੇ ਖੇਤਾਂ ਵਿੱਚ, ਕਦੇ ਅਪਣੀ ਮੰਮੀ ਦੀ ਜਗ੍ਹਾ ਤੇ ਲੋਕਾਂ ਦੇ ਘਰ ਝਾੜੂ ਪੋਚਾ ਕਰਦੀ ਤੇ ਬਦਲੇ ਚ ਜੋ ਪੈਸੇ ਮਿਲਦੇ, ਓਸੇ ਨਾਲ ਹੀ ਘਰ ਦਾ ਗੁਜ਼ਾਰਾ ਚੱਲਦਾ ਤੇ ਆਪਣੀਆਂ ਸਕੂਲ ਦੀਆਂ ਫੀਸਾਂ ਵੀ ਭਰਦੀ। ਘਰ ਦੀ ਮਾਲੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ , ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਛੱਤ ਚੋਣ ਲੱਗ ਪੈਂਦੀ ।

ਘਰ ਦੀ ਗਰੀਬੀ ਤੋਂ ਜ਼ਿਆਦਾ ਬਸੰਤ ਕੋਰ ਨੂੰ ਆਪਣੀਆਂ ਧੀਆਂ ਦੇ ਵਿਆਹ ਦਾ ਫ਼ਿਕਰ ਸੀ। ਉਹ ਥੋੜ੍ਹੇ - ਥੋੜ੍ਹੇ ਪੈਸੇ ਵੀ ਜੋੜੀ ਜਾ

www.PunjabiLibrary.com

Webtopdfconverter.com

ਰਹੀ ਸੀ, ਕਿਉਂਕਿ ਉਸਨੂੰ ਪਤਾ ਸੀ ਕਿ ਚਾਰ ਕੁੜੀਆਂ ਦਾ ਵਿਆਹ ਵੀ ਉਸਨੇ ਇਕੱਲੀ ਨੇ ਹੀ ਕਰਨਾ ਹੈ ਤੇ ਮਨਜੀਤ ਅਜੇ ਬਹੁਤ ਛੋਟਾ ਹੈ। ਕਦੇ ਕਦੇ ਉਸਦੀ ਹਾਲਤ ਖ਼ਰਾਬ ਹੋਣ ਕਾਰਣ ਉਹ ਜਲਦੀ ਦਵਾਈ ਬੂਟੀ ਵੀ ਨਾ ਲੈਂਦੀ। ਸੱਚ ਕਿਹਾ ਕਿਸੇ ਨੇ, ਦੁਨੀਆਂ ਦੇ ਸਾਰੇ ਦਰਦ ਇੱਕ ਮਾਂ ਅਪਣੇ ਸੀਨੇ ਵਿੱਚ ਲੁਕੋ ਲੈਂਦੀ ਏ ਸਿਰਫ਼ ਅਪਣੀ ਔਲਾਦ ਦੀ ਖੁਸ਼ੀ ਲਈ।

ਸੁਖਵਿੰਦਰ ਅਪਣੀ ਮਾਂ ਦੀਆਂ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ, ਉਸ ਕੋਲੋਂ ਜਿੰਨਾਂ ਬਣਦਾ ਓਨਾ ਉਹ ਜਰੂਰ ਕਰਦੀ।

ਅਪਣੀ ਮਾਂ ਨੂੰ ਕੱਖਾਂ ਦੀ ਭਰੀ ਪੰਡ ਚੁੱਕੀ ਦੇਖ ਸੁਖਵਿੰਦਰ ਨੂੰ ਇੰਝ ਲੱਗਦਾ ਜਿਵੇਂ ਉਹ ਪੰਡ ਕੱਖਾਂ ਦੀ ਨਾ ਬਲਕਿ ਉਹਨਾਂ ਦੇ ਸਾਰੇ ਦੁੱਖਾਂ ਦੀ ਪੰਡ ਹੋਵੇ।

ਉਸਨੂੰ ਇੰਨਾਂ ਜਰੂਰ ਪਤਾ ਸੀ ਕਿ ਇੱਕ ਦਿਨ ਉਹ ਬਹੁਤ ਵੱਡੀ ਖਿਡਾਰਨ ਬਣਕੇ ਘਰ ਦੀਆਂ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਦਿਉ ਤੇ ਸਭ ਤੋਂ ਪਹਿਲਾਂ ਤਾਂ ਉਸ ਚੋਂਦੀ ਛੱਤ ਨੂੰ ਠੀਕ ਕਰਵਾਉ।

ਆਥਣ ਵੇਲ੍ਹੇ ਘਰ ਦੇ ਸਾਰੇ ਕੰਮ ਨਬੇੜ ਟੈਲੀਵਿਜ਼ਨ ਤੇ ਕਬੱਡੀ ਦੇ ਮੈਚ ਦੇਖਣ ਬੈਠ ਜਾਇਆ ਕਰਦੀ ਤੇ ਉਹਨਾਂ ਤੋਂ ਖੇਡ ਦੀਆਂ ਨਵੀਂਆਂ - ਨਵੀਂਆਂ ਤਕਨੀਕਾਂ ਸਿੱਖਦੀ ।

Webtopdfconverter.com

ਬਸੰਤ ਕੌਰ ਦਿਨ ਰਾਤ ਮਿਹਨਤ ਕਰਦੀ ਤੇ ਘਰ ਦਾ ਗੁਜ਼ਾਰਾ ਚਲਾਉਂਦੀ। ਚਾਰ ਕੁੜੀਆਂ ਦੇ ਵਿਆਹ ਦੀ ਫਿਕਰ ਨੇ ਵੀ ਉਸਨੂੰ ਅੱਧਾ ਕਰ ਦਿੱਤਾ। ਇਨਾਂ ਕੁੱਝ ਹੋਣ ਦੇ ਬਾਵਜੂਦ ਵੀ ਉਸਨੇ ਕਦੇ ਕਿਸੇ ਸਾਹਮਣੇ ਹੱਥ ਨਾ ਫੈਲਾਇਆ।

ਏਧਰ ਮੇਰੀ ਅੱਠਵੀਂ ਜਮਾਤ ਵੀ ਪੂਰੀ ਹੋਈ ਤੇ ਹੁਣ ਨੌਵੀਂ ਜਮਾਤ ਲਈ ਮੈਂ ਨਾਲ ਦੇ ਪਿੰਡ ਦੇ ਸਕੂਲ ਵਿੱਚ ਦਾਖਲਾ ਕਰਵਾਇਆ, ਕਿਉਂਕਿ ਸਾਡੇ ਪਿੰਡ ਸਿਰਫ਼ ਅੱਠਵੀਂ ਜਮਾਤ ਤੱਕ ਹੀ ਸਕੂਲ ਸੀ ।

ਅੱਜ ਮੇਰੇ ਨਵੇਂ ਸਕੂਲ ਵਿੱਚ ਮੇਰਾ ਪਹਿਲਾ ਦਿਨ ਸੀ । ਇਹ ਸਾਡੇ ਪਿੰਡ ਤੋਂ ਦੋ ਕੁ ਕਿਲੋਮੀਟਰ ਦੂਰ ਸੀ ਤੇ ਇਸੇ ਲਈ ਮੈਂਨੂੰ ਸਾਇਕਲ ਤੇ ਜਾਣਾ ਪੈਂਦਾ ਸੀ। ਨਵੇਂ ਸਕੂਲ ਦਾ ਚਾਅ ਵੀ ਸੀ ਤੇ ਡਰ ਵੀ, ਚਾਅ ਇਸ ਗੱਲ ਦਾ ਕਿ ਓਥੇ ਮੇਰੇ ਨਵੇਂ ਦੋਸਤ ਬਣਨਗੇ ਤੇ ਡਰ ਇਸ ਗੱਲ ਦਾ ਕਿਉਂਕਿ ਮੈਂ ਸੁਣਿਆ ਸੀ ਕਿ ਇਸ ਸਕੂਲ ਦੇ ਅਧਿਆਪਕ ਕੁੱਟਦੇ ਬਹੁਤ ਨੇ। ਓਥੇ ਦੀ ਸਕੂਲ ਵਾਲੀ ਵਰਦੀ ਵੀ ਸਾਡੇ ਸਕੂਲ ਨਾਲੋਂ ਵੱਖਰੀ ਸੀ। ਮੇਰੇ ਲਈ ਉਹ ਸਕੂਲ, ਉਹ ਪਿੰਡ, ਤੇ ਓਥੇ ਦੇ ਬਹੁਤੇ ਜਵਾਕ ਬਿਲਕੁੱਲ ਨਵੇਂ ਸੀ । ਬਹੁਤ ਘੱਟ ਬੱਚੇ ਸਾਡੇ ਪਿੰਡ ਤੋਂ ਏਥੇ ਲੱਗਣ ਆਉਂਦੇ ਤੇ ਕਈ

Webtopdfconverter.com

ਬੱਚੇ ਏਥੋਂ ਦੇ ਅਧਿਆਪਕਾਂ ਦੇ ਡਰ ਤੋਂ ਏਥੇ ਨਾ ਲੱਗਦੇ। ਮੇਰੀ ਸੋਚ ਤੋ ਵੀ ਜ਼ਿਆਦਾ ਬੱਚੇ ਏਥੇ ਪੜ੍ਹਦੇ ਕਿਉਂਕਿ ਸਕੂਲ ਘੱਟ ਹੋਣ ਕਾਰਨ ਲਵੇ ਦੇ ਸੱਤ - ਅੱਠ ਪਿੰਡਾਂ ਦੇ ਬੱਚੇ ਇਸ ਸਕੂਲ ਵਿੱਚ ਦਾਖਲੇ ਲਈ ਆਉਂਦੇ। ਇਸ ਲਈ ਜਮਾਤਾਂ ਨੂੰ ਅਲੱਗ-ਅਲੱਗ ਸੈਕਸ਼ਨਾਂ ਮੁਤਾਬਿਕ ਵੰਡਿਆ ਜਾਂਦਾ ਸੀ ।

ਪਹਿਲੇ ਦਿਨ ਮੈਂ ਜਮਾਤ ਦੀ ਪਹਿਲੀ ਲਾਈਨ ਦੇ ਆਖਰੀ ਬੈਂਚ ਤੇ ਬੈਠਾ, ਤੇ ਓਥੇ ਹੀ ਤੀਸਰੀ ਲਾਈਨ ਦੇ ਸਭ ਤੋਂ ਅਖੀਰ ਤੋਂ ਦੋ ਬੈਂਚ ਛੱਡਕੇ ਓਥੇ ਇੱਕ ਚੁੱਪ ਚਾਪ ਜਿਹੀ ਕੁੜੀ ਬੈਠੀ । ਮੈਨੂੰ ਇੰਝ ਲੱਗਿਆ ਵੀ ਏਹ ਵੀ ਸ਼ਾਇਦ ਮੇਰੇ ਵਾਂਗ ਇੱਥੇ ਇਕੱਲੀ ਹੀ ਐ, ਜਿਹੜੀ ਕਿਸੇ ਨੂੰ ਵੀ ਨਹੀਂ ਜਾਣਦੀ। ਮੈਂ ਵੀ ਉਸ ਜਮਾਤ ਵਿੱਚ ਕਿਸੇ ਨੂੰ ਨਹੀਂ ਜਾਣਦਾ ਸੀ।

ਉਸਦੀ ਭੋਲੀ ਤੇ ਚੁੱਪ ਚਾਪ ਜਿਹੀ ਸੂਰਤ ਉਸਨੂੰ ਬਾਕੀਆਂ ਨਾਲੋਂ ਵੱਖਰਾ ਬਣਾ ਰਹੀ । ਉਸ ਨੇ ਮੇਰੇ ਵੱਲ ਅਜੇ ਤੱਕ ਇੱਕ ਵਾਰ ਵੀ ਨਾ ਦੇਖਿਆ ਤੇ ਮੇਰੀਆਂ ਅੱਖਾਂ ਉਸ ਤੋਂ ਪਰਾਂ ਹੀ ਨਹੀਂ ਸੀ ਹਟ ਰਹੀਆਂ, ਪਤਾ ਨਹੀਂ ਕਿਉਂ?

ਉਹ ਜਮਾਤ ਵਿੱਚ ਬਹੁਤਾ ਨ੍ਹੀ ਸੀ ਬੋਲਦੀ । ਮੈਂ ਜਦ ਵੀ ਉਸ ਵੱਲ ਦੇਖਦਾ ਤਾਂ ਉਸਦਾ ਧਿਆਨ ਬਾਹਰ ਵੱਲ ਨੂੰ ਹੀ ਰਹਿੰਦਾ ਜਾਂ ਫਿਰ ਉਹ ਆਪਣੀਆਂ ਕਿਤਾਬਾਂ ਨੂੰ ਫਰੋਲੀ ਜਾਂਦੀ। ਮੈਂ ਏਹ

www.PunjabiLibrary.com

Webtopdfconverter.com

ਸੋਚੀ ਜਾਂਦਾ ਸੀ ਵੀ ਪਤਾ ਨ੍ਹੀ ਕੀ ਐ ਬਾਹਰ, ਜੋ ਏਹ ਦੇਖੀ ਜਾਂਦੀ ਆ।

ਮੈਂ ਅਜੇ ਇਸ ਸਕੂਲ ਵਿੱਚ ਏਨਾ ਨਹੀਂ ਸੀ ਘੁੰਮਿਆ। ਜਦੋਂ ਅਧਿਆਪਕਾ ਜੀ ਜਮਾਤ ਤੋਂ ਬਾਹਰ ਗਏ, ਤਾਂ ਮੈਂ ਉੱਠ ਕੇ ਦੇਖਿਆ ਇੱਥੇ ਸਿਰਫ਼ ਇੱਕ ਖੇਡ ਦਾ ਮੈਦਾਨ ਸੀ । ਮੈਂ ਹੈਰਾਨ ਹੋਇਆ ਤੇ ਸੋਚਿਆ ਵੀ ਕਿਵੇਂ ਪਾਗਲਾਂ ਵਾਂਗ ਬਾਹਰ ਮੈਦਾਨ ਵੱਲ ਹੀ ਦੇਖੀ ਜਾਂਦੀ ਆ, ਏਹੋ ਜਿਹਾ ਕੀ ਐ, ਖੇਡ ਦਾ ਮੈਦਾਨ ਹੀ ਤਾਂ ਹੈ।

ਉਸਦੀ ਇਸ ਆਦਤ ਲਈ ਉਸਨੂੰ ਅਧਿਆਪਕ ਜੀ ਨੇ ਵੀ ਟੋਕ ਦਿੱਤਾ, ਪਰ ਉਹ ਫਿਰ ਨਾ ਹੱਟਦੀ । ਜਿਵੇਂ ਕੋਈ ਛੋਟਾ ਬੱਚਾ ਅਪਣੀ ਮਾਂ ਵੱਲ ਧਿਆਨ ਨਾਲ ਦੇਖਦਾ ਹੋਵੇ, ਉਂਝ ਹੀ ਉਹ ਮੈਦਾਨ ਵੱਲ ਧਿਆਨ ਨਾਲ ਦੇਖਦੀ ਰਹਿੰਦੀ । ਮੈਂ ਵੀ ਉਸ ਦੀ ਇਸ ਹਰਕਤ ਨੂੰ ਕਿੰਨੀ ਵਾਰੀ ਨੋਟ ਕੀਤਾ, ਪਰ ਉਸਨੂੰ ਕਦੇ ਪੁੱਛਣ ਦੀ ਹਿੰਮਤ ਨਾ ਹੋਈ , ਡਰ ਲੱਗਦਾ ਸੀ ਵੀ ਕਿੱਧਰੇ ਕੁੱਝ ਪੁੱਠਾ ਹੀ ਨਾ ਬੋਲਦੇ । ਮੈਨੂੰ ਅਜੇ ਤੱਕ ਉਸਦਾ ਨਾਮ ਵੀ ਨ੍ਹੀ ਸੀ ਪਤਾ ਲੱਗਾ।

ਇਹ ਕੁੜੀ ਕੋਈ ਹੋਰ ਨਹੀਂ ਬਲਕਿ ਸੁਖਵਿੰਦਰ ਹੀ ਸੀ। ਉਸਦਾ

www.PunjabiLibrary.com Webtopdfconverter.com

ਨਾਮ ਵੀ ਮੈਨੂੰ ਉਦੋਂ ਪਤਾ ਲੱਗਾ, ਜਦੋਂ ਸਵੇਰ ਦੀ ਹਾਜ਼ਰੀ ਲਈ ਉਸਦਾ ਨਾਮ ਬੋਲਿਆ ਗਿਆ। ਨਵੀਂ ਜਮਾਤ ਹੋਣ ਕਰਕੇ, ਹਾਲੇ ਰੋਲ ਨੰਬਰ ਨਹੀਂ ਸੀ ਮਿਲੇ। ਇਸੇ ਲਈ ਨਾਮ ਨਾਲ ਹਾਜ਼ਰੀ ਲੱਗੀ। ਹਾਜ਼ਰੀ ਲਗਾਉਣ ਤੋਂ ਬਾਅਦ ਅਧਿਆਪਕ ਜੀ ਨੇ ਜਾਣ ਪਛਾਣ ਲਈ ਵੀ ਸਾਰਿਆਂ ਤੋਂ ਨਾਮ ਪੁੱਛੇ।

ਸੁਖਵਿੰਦਰ ਲਈ ਏਹ ਖੇਡ ਦਾ ਮੈਦਾਨ ਹੀ ਉਸਦੀ ਜ਼ਿੰਦਗੀ ਸੀ ਤੇ ਕਬੱਡੀ ਉਸਦੀ ਜਾਨ। ਪਰ ਮੈਂ ਅਜੇ ਉਸਦੀ ਇਸ ਸੋਚ ਤੋਂ ਕਿਤੇ ਦੂਰ ਸੀ। ਦੋ ਮਹੀਨੇ ਲੰਘ ਗਏ ਇਸ ਨਵੇਂ ਸਕੂਲ ਵਿੱਚ, ਤੇ ਹੁਣ ਮੇਰੇ ਏਥੇ ਵਧੀਆ ਦੋਸਤ ਵੀ ਬਣ ਗਏ ਸਨ। ਪਰ ਸੁਖਵਿੰਦਰ ਨੂੰ ਮੈਂ ਹੁਣ ਤੱਕ ਨਾ ਪੁੱਛ ਸਕਿਆ, ਕਿ ਉਹ ਕਿਉਂ ਸਾਰਾ ਦਿਨ ਬਾਹਰ ਦੇਖਦੀ ਰਹਿੰਦੀ। ਮੈਂ ਓਥੇ ਅਪਣੇ ਕਿਸੇ ਦੋਸਤ ਨੂੰ ਵੀ ਨਾ ਪੁੱਛਿਆ।

ਹੁਣ ਜੂਨ ਵਿੱਚ ਗਰਮੀਆਂ ਦੀਆਂ ਛੁੱਟੀਆਂ ਵੀ ਪੈ ਗਈਆਂ । ਮੈਂ ਛੁੱਟੀਆਂ ਬਤੀਤ ਕਰਨ ਅਪਣੇ ਨਾਨਕੇ ਪਿੰਡ ਚਲਾ ਗਿਆ ਤੇ ਓਧਰ ਸੁਖਵਿੰਦਰ ਨੇ ਉਹਨਾਂ ਛੁੱਟੀਆਂ ਵਿੱਚ ਅਪਣੀ ਮੰਮੀ ਨਾਲ ਮਿਲਕੇ ਲੋਕਾਂ ਦੇ ਖੇਤਾਂ ਵਿੱਚ ਝੋਨਾ ਲਾਇਆ । ਜੇਠ - ਹਾੜ ਦੇ ਮਹੀਨੇ ਖੇਤਾਂ ਵਿੱਚ ਕੰਮ ਕਰਨਾ ਕੋਈ ਛੋਟੀ ਗੱਲ ਨ੍ਹੀ ਹੁੰਦੀ ਜਦੋਂ

Webtopdfconverter.com

ਸਿਰੇ ਦੀ ਧੁੱਪ ਨਾਲ ਖ਼ੂਨ ਵੀ ਸੁੱਕਣ ਲੱਗ ਜਾਂਦਾ ਤੇ ਜਾਨ ਵੀ ਸਰੀਰ ਛੱਡ ਭੱਜਣ ਨੂੰ ਫਿਰਦੀ ਐ।

ਜੇਠ ਹਾੜ ਦਾ ਮਹੀਨਾ ਤਪਾ ਰਿਹਾ
ਕਿਉਂ ਯਾਰ ਮੇਰੇ ਨੂੰ ਸਤਾ ਰਿਹਾ,

ਪੈਰੀਂ ਚੱਪਲ ਵੀ ਉਹਦੀ ਟੁੱਟੀ ਹੋਈ
ਜਿਵੇਂ ਕਿਸਮਤ ਸਾਰੀ ਸੁੱਤੀ ਹੋਈ,

ਅੱਖਾਂ ਚੋਂ ਵੀ ਅੱਥਰੂ ਕਿਰਦੇ
ਨਾਲ ਪਸੀਨੇ ਦੇ ਨਹਾ ਰਿਹਾ,

ਦੱਸ ਤਾਂ ਦੇ ਤੂੰ ਰੱਬ ਬਣਕੇ,
ਕਿਉ ਯਾਰ ਮੇਰੇ ਨੂੰ ਸਤਾ ਰਿਹਾ।

ਮੈਂ ਨਾਨਕੇ ਪਿੰਡ ਇਸ ਵਾਰ ਪੰਦਰਾਂ ਦਿਨ ਹੀ ਲਾ ਕੇ ਮੁੜ ਆਇਆ ਸੀ ਤੇ ਦਸ ਦਿਨ ਅਪਣੀ ਭੂਆ ਕੋਲ ਕੱਟੇ, ਬਾਕੀ ਪੰਜ ਦਿਨ ਮੈਂ ਘਰ ਹੀ ਸੀ । ਇੱਕ ਜੁਲਾਈ ਨੂੰ ਸਾਡਾ ਸਕੂਲ ਖੁੱਲ੍ਹਣਾ ਸੀ। ਛੁੱਟੀਆਂ ਖ਼ਤਮ ਹੋਣ ਤੋਂ ਬਾਅਦ ਸਾਰੇ ਬੱਚੇ ਵਾਪਿਸ ਸਕੂਲ ਆਏ। ਛੁੱਟੀਆਂ ਕਦੋਂ ਖ਼ਤਮ ਹੋਈਆਂ ਪਤਾ ਹੀ ਨ੍ਹੀ ਲੱਗਿਆ, ਖੈਰ

Webtopdfconverter.com

ਜਦੋਂ ਮੈਂ ਸਕੂਲ ਪੁੱਜਾ ਤਾਂ ਹੁਣ ਸੁਖਵਿੰਦਰ ਦਾ ਰੰਗ ਵੀ ਪਹਿਲਾ ਨਾਲੋਂ ਥੋੜ੍ਹਾ ਜਿਹਾ ਸਾਂਵਲਾ ਜਿਹਾ ਹੋ ਗਿਆ। ਏਨੀ ਧੁੱਪ ਵਿੱਚ ਬਾਹਰ ਕੰਮ ਕਰਨ ਨਾਲ ਹੋ ਗਿਆ ਹੋ ਗਿਆ ਹੋਣਾ, ਤੇ ਸਰੀਰ ਵੀ ਪਹਿਲਾ ਨਾਲੋਂ ਕਮਜ਼ੋਰ ਜਿਹਾ ਹੋ ਗਿਆ ਲੱਗਦਾ ਸੀ। ਉਸਦਾ ਇਹ ਸਾਵਲਾਂ ਰੰਗ ਸੱਚੀ ਮੈਨੂੰ ਮੇਰੀ ਸਵੇਰ ਦੀ ਚਾਹ ਵਰਗਾ ਲੱਗਦਾ ਜਿਸ ਨੂੰ ਦੇਖ ਅੱਖਾਂ ਖੁੱਲਦੀਆਂ। ਉਸਦੇ ਬੁੱਲ੍ਹਾਂ ਤੇ ਭਾਵੇਂ ਚੁੱਪ ਜਿਹੀ ਹੁੰਦੀ ਪਰ ਉਸਦੀਆਂ ਅੱਖਾਂ ਜਿਵੇਂ ਬਹੁਤ ਕੁੱਝ ਕਹਿੰਦੀਆਂ।

ਉਹ ਜਮਾਤ ਵਿੱਚ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਸੀ ਕਰਦੀ । ਮੈਂ ਕਿੰਨੀ ਵਾਰ ਉਸ ਨਾਲ ਗੱਲ ਕਰਨ ਦਾ ਮਨ ਬਣਾਇਆ, ਪਰ ਪਤਾ ਨ੍ਹੀ ਕੀ ਸੋਚਕੇ ਮੈਂ ਨਾ ਬੁਲਾਉਂਦਾ । ਜੋ ਕੁੱਝ ਮੈਂ ਉਸਨੂੰ ਕਦੇ ਬੋਲਕੇ ਨ੍ਹੀ ਸੀ ਦੱਸ ਸਕਿਆ, ਉਹ ਆਪਣੇ ਆਪ ਹੀ ਮੇਰੇ ਕੋਲੋਂ ਅਪਣੀ ਕਾਪੀ ਵਿੱਚ ਲਿਖਿਆ ਗਿਆ। ਉਦੋਂ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਕੁੱਝ ਲਿਖਿਆ ,,

ਸਿਫ਼ਤ ਕਰਾਂ ਦੱਸ ਕਿਵੇਂ
ਕੋਈ ਸ਼ਬਦ ਨਹੀਂ ਮਿਲਦਾ,
ਤੇਰੇ ਨਾਲ ਗੱਲ ਕਰਨ ਦਾ
ਸਾਨੂੰ ਅਦਬ ਨਹੀਂ ਮਿਲਦਾ,

www.PunjabiLibrary.com
Webtopdfconverter.com

ਪਿੰਡ ਤੇਰਾ ਪਤਾ ਨ੍ਹੀ
ਪਰ ਦਿੱਲ ਚ ਵੱਸਦੀ ਏ,
ਸੋਹਣੀ ਲੱਗਦੀ ਏ
ਜਦੋਂ ਅੱਖਾਂ ਨਾਲ ਹੱਸਦੀ ਏ।

ਸਾਨੂੰ ਵੀ ਇਬਾਦਤ ਏ
ਇਸ਼ਕ ਹੋਗਿਆ ਲੱਗਦਾ ਏ,
ਤੇਰੀਆਂ ਕਿਤਾਬਾਂ ਤੋਂ
ਰਸ਼ਕ ਹੋਗਿਆ ਲੱਗਦਾ ਏ,
ਜਿਨ੍ਹਾਂ ਨੂੰ ਘੁੱਟ ਸੀਨੇ ਨਾਲ
ਲਾ ਕੇ ਰੱਖਦੀ ਏ,
ਸੋਹਣੀ ਲੱਗਦੀ ਏ
ਜਦੋਂ ਅੱਖਾਂ ਨਾਲ ਹੱਸਦੀ ਏ ।

ਉਸ ਸਮੇਂ ਜਿਵੇਂ ਕਿਸੇ ਨੇ ਹੱਥ ਫੜ੍ਹਕੇ ਮੈਂਨੂੰ ਕੁੱਝ ਲਿਖਾਇਆ ਹੋਵੈ। ਅਪਣੇ ਆਪ ਹੀ ਮੇਰੇ ਕੋਲੋਂ ਏਹ ਦੋ ਲਾਈਨਾਂ ਲਿਖੀਆਂ ਗਈਆਂ । ਮੇਰਾ ਧਿਆਨ ਵੀ ਪਤਾ ਨਹੀਂ ਕਿਉਂ ਸਾਰਾ ਦਿਨ ਓਸੇ ਵੱਲ

Webtopdfconverter.com

ਰਹਿੰਦਾ। ਮੈਨੂੰ ਉਸ ਸਮੇਂ ਕੁੱਝ ਨਹੀਂ ਸੀ ਪਤਾ ਕਿ ਇਸ ਦੀਆਂ ਛੁੱਟੀਆਂ ਕਿਵੇਂ ਬਤੀਤ ਹੋਈਆਂ ਨੇ ਤੇ ਮੈਂ ਕੁੱਝ ਪੁੱਛਿਆ ਵੀ ਨਾ। ਉਸ ਵਕਤ ਮੈਨੂੰ ਸਿਰਫ਼ ਉਸਦਾ ਨਾਮ - ਨਾਮ ਹੀ ਪਤਾ ਸੀ।

ਹੁਣ ਜੁਲਾਈ ਮਹੀਨੇ ਦੇ ਅਖ਼ੀਰ ਤੇ ਕੁੱਝ ਬੱਚਿਆਂ ਦੀ ਚੋਣ ਹੋਣ ਲੱਗੀ, ਜਿਹਨਾਂ ਨੇ ਖੇਡਾਂ ਲਈ ਬਾਹਰ ਕਿਸੇ ਵੱਡੇ ਸਕੂਲ ਵਿੱਚ ਖੇਡਣ ਜਾਣਾ ਸੀ। ਇਸ ਖ਼ਬਰ ਨੂੰ ਸੁਣ ਸੁਖਵਿੰਦਰ ਦਾ ਚਿਹਰਾ ਖਿੜ੍ਹ ਗਿਆ, ਜਿਵੇਂ ਕਿਸੇ ਨੇ ਉਸਦੇ ਦਿੱਲ ਦੀ ਗੱਲ ਸੁਣ ਲਈ ਹੋਵੇ । ਇਸ ਚੋਣ ਲਈ ਸਭ ਤੋਂ ਪਹਿਲਾਂ ਸੁਖਵਿੰਦਰ ਨੇ ਅਪਣਾ ਨਾਮ ਲਿਖਵਾਇਆ, ਉਸਦੇ ਨਾਮ ਲਿਖਵਾਉਣ ਪਿੱਛੋਂ ਮੈਂ ਵੀ ਅਪਣਾ ਨਾਮ ਲਿਖਵਾ ਦਿੱਤਾ। ਮੈਂ ਸ਼ਤਰੰਜ ਦੀ ਖੇਡ ਵਿੱਚ ਨਾਮ ਲਿਖਵਾਇਆ ਤੇ ਉਸਨੇ ਰੇਸਾਂ ਤੇ ਕਬੱਡੀ ਵਿੱਚ ।

ਮੈਨੂੰ ਓਥੇ ਹੀ ਪਤਾ ਲੱਗਾ, ਜਿਸਨੂੰ ਮੈਂ ਸੋਚਦਾ ਸੀ ਕਿ ਸਕੂਲ ਵਿੱਚ ਨਵੀਂ ਆਈ ਹੋਣੀ, ਉਹ ਓਸੇ ਸਕੂਲ ਵਿੱਚ ਸ਼ੁਰੂ ਤੋਂ ਹੀ ਪੜਦੀ ਸੀ। ਉਹ ਸਕੂਲ ਵਿੱਚ ਕੁੜੀਆਂ ਦੀ ਕਬੱਡੀ ਟੀਮ ਦੀ ਕਪਤਾਨ ਸੀ । ਮੈਨੂੰ ਇਸ ਗੱਲ ਦਾ ਵੀ ਉਦੋਂ ਹੀ ਪਤਾ ਲੱਗਾ ਸੀ । ਮੈਨੂੰ ਬੇਸ਼ੱਕ ਇੰਨਾਂ ਖੇਡਣਾ ਨਹੀਂ ਸੀ ਆਉਂਦਾ , ਪਰ ਥੋੜ੍ਹੀ ਬਹੁਤੀ ਸ਼ਤਰੰਜ ਜਰੂਰ ਖੇਡਣਾ ਜਾਣਦਾ ਸੀ। ਪਤਾ ਨ੍ਹੀ ਮੈਂ ਕੀ ਸੋਚ ਕੇ ਅਪਣਾ ਨਾਂ ਲਿਖਵਾ ਬੈਠਾ ।

www.PunjabiLibrary.com

Webtopdfconverter.com

ਕਈ ਹੋਰ ਮੁੰਡੇ-ਕੁੜੀਆਂ ਨੇ ਵੀ ਅਪਣਾ ਅਪਣਾ ਨਾਮ ਲਿਖਵਾਇਆ। ਪੂਰੇ ਸਕੂਲ ਵਿੱਚੋਂ ਬਹੁਤੇ ਬੱਚਿਆਂ ਦੀ ਚੋਣ ਹੋਈ ਵੀ, ਤੇ ਕਈਆਂ ਦੀ ਨਹੀਂ ਸਾਡੀ ਜਮਾਤ ਵਿੱਚੋਂ ਮੇਰੀ ਤੇ ਸੁਖਵਿੰਦਰ ਦੀ ਚੋਣ ਵੀ ਹੋਈ। ਮੇਰੀ ਸੋਚ ਤੋਂ ਪਰੇ ਸੁਖਵਿੰਦਰ ਬਹੁਤ ਵਧੀਆ ਖਿਡਾਰਨ ਸੀ। ਉਦੋਂ ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਸੀ, ਜੋ ਮੈਂ ਸੋਚਦਾ ਸੀ ਕਿ ਉਹ ਸਾਰਾ ਦਿਨ ਬਾਹਰ ਕਿਉਂ ਦੇਖਦੀ ਰਹਿੰਦੀ। ਜਦੋਂ ਪਹਿਲਾਂ ਉਸਨੇ ਅਪਣਾ ਨਾਮ ਲਿਖਵਾਇਆ ਸੀ, ਮੈਨੂੰ ਲੱਗਾ ਕਿ ਉਸਨੇ ਸਿਰਫ ਪੜਾਈ ਤੋਂ ਬਚਣ ਲਈ ਹੀ ਅਪਣਾ ਨਾਮ ਲਿਖਵਾਇਆ ਹੈ ਪਰ ਉਸਨੇ ਮੈਨੂੰ ਉਦੋਂ ਗ਼ਲਤ ਸਾਬਿਤ ਕਰ ਦਿੱਤਾ ਸੀ ।

ਅਖ਼ੀਰ ਉਹ ਦਿਨ ਆਇਆ ਜਦੋਂ ਅਸੀਂ ਬਾਹਰ ਸਕੂਲ ਖੇਡਣ ਜਾਣਾ ਸੀ, ਜਦੋਂ ਅਸੀਂ ਸਾਰੇ ਉਸ ਸਕੂਲ ਵਿੱਚ ਪਹੁੰਚੇ ਤਾਂ ਉੱਥੇ ਬਹੁਤ ਸਾਰੇ ਸਕੂਲਾਂ ਤੋਂ ਬੱਚੇ ਖੇਡਣ ਆਏ ਹੋਏ ਸੀ। ਓਥੇ ਜਾ ਕੇ ਸੁਖਵਿੰਦਰ ਦੀਆਂ ਹਰਕਤਾਂ ਤੋਂ ਇੰਝ ਲੱਗਦਾ ਸੀ ਕਿ ਉਹ ਪਹਿਲਾਂ ਵੀ ਕਿੰਨੀ ਵਾਰ ਏਥੇ ਆ ਚੁੱਕੀ ਹੈ। ਫਿਰ ਅਸੀਂ ਸਭ ਨੇ ਅਪਣੀ ਅਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਸਾਡੇ ਸਕੂਲ ਦੇ ਬਹੁਤ ਘੱਟ ਬੱਚੇ ਅਪਣੀ ਅਪਣੀ ਖੇਡ ਵਿੱਚ ਜੇਤੂ ਰਹੇ ਜਿਹਨਾਂ ਵਿੱਚੋਂ ਇੱਕ ਸੁਖਵਿੰਦਰ ਵੀ ਰੇਸਾਂ ਵਿੱਚ ਪਹਿਲੇ ਸਥਾਨ ਤੇ ਜੇਤੂ

Webtopdfconverter.com

ਰਹੀ ਤੇ ਉਹਨਾਂ ਦਾ ਕਬੱਡੀ ਦਾ ਮੈਚ ਹਲੇ ਦੋ ਦਿਨ ਬਾਅਦ ਸੀ। ਉਸਨੂੰ ਉਸ ਸਕੂਲ ਦੇ ਪ੍ਰਿੰਸੀਪਲ ਸਹਿਬਾਨ ਵਲੋਂ ਮੈਡਲ ਦਿੱਤਾ ਗਿਆ ਤੇ ਮੈਂ ਖੇਡਾਂ ਖੇਡਾਂ ਵਿੱਚ ਕੋਈ ਵੀ ਦਰਜਾ ਨਾ ਪ੍ਰਾਪਤ ਕੀਤਾ ਇਸ ਲਈ ਮੈਂਨੂੰ ਕੁੱਝ ਨਾ ਮਿਲਿਆ।

ਮੈਂ :-- "ਤੂੰ ਤਾਂ ਵਾਲੀ ਤੇਜ਼ ਆ, ਤੈਂਨੂੰ ਦੇਖ ਕੋਈ ਨ੍ਹੀ ਕਹਿ ਸਕਦਾ ਵੀ ਤੂੰ ਏਨਾ ਵਧੀਆ ਖੇਡ ਦੀ ਹੋਵੈ ਗੀ, ਮੈਡਲ ਜਿੱਤਣ ਤੇ ਵਧਾਈਆਂ", (ਮੈਂ ਸੁਖਵਿੰਦਰ ਨੂੰ ਡਰਦੇ ਡਰਦੇ ਨੇ ਅੱਜ ਬੁਲਾ ਕੇ ਕਿਹਾ)

ਸੁਖਵਿੰਦਰ :-- ਧੰਨਵਾਦ ਜੀ ( ਉਹ ਮੁੜ ਹਲਕਾ ਜਿਹਾ ਮੁਸਕਰਾਈ ਤੇ ਹਲਕੀ ਜਿਹੀ ਆਵਾਜ਼ ਵਿੱਚ ਬੋਲੀ, ਇਹ ਉਸਦੇ ਪਹਿਲੇ ਸ਼ਬਦ ਸਨ ਜੋ ਉਸ ਵੱਲੋਂ ਹੁਣ ਤੱਕ ਮੈਂਨੂੰ ਕਹੇ ਗਏ ) ਥੋਨੂੰ ਨ੍ਹੀ ਮਿਲਿਆ ਜੀ ਕੁੱਝ ??

ਮੈਂ :- ਨਹੀਂ ਜੀ, ਏਥੇ ਕਿਹੜਾ ਮੈਡਲਾਂ ਦਾ ਭੰਡਾਰਾਂ ਲੱਗਿਆ ਹੋਇਆ ਵੀ ਸਭ ਨੂੰ ਮਿਲਦਾ, ਜੋ ਹੱਕਦਾਰ ਸੀ ਉਹ ਲੈ ਗਿਆ। (ਮੇਰੇ ਏਨਾ ਕਹਿੰਦੇ ਉਹ ਹੱਸਣ ਲੱਗੀ। ਮੈਂ ਵੀ ਇਹ ਗੱਲ ਕਹਿ ਕੇ ਸੋਚਿਆ, ਵੀ ਮੈਂ ਏਹ ਕੀ ਬੋਲੀ ਜਾ ਰਿਹਾ)

ਸੁਖਵਿੰਦਰ :- ਚੱਲ ਉਦਾਸ ਨਾ ਹੋਈ, ਅਗਲੀ ਵਾਰੀ ਵਧੀਆਂ ਤਿਆਰੀ ਨਾਲ ਆਵੀਂ ।(ਉਸਨੇ ਦਿਲਾਸਾ ਜੇ ਦਿੰਦੇ ਕਿਹਾ)

Webtopdfconverter.com

ਓਸ ਦਿਨ ਮੈਨੂੰ ਅਪਣੀ ਖੇਡ ਹਾਰ ਜਾਣ ਦੇ ਦੁੱਖ ਤੋਂ ਜ਼ਿਆਦਾ ਸੁਖਵਿੰਦਰ ਨਾਲ ਗੱਲ ਕਰਨ ਦੀ ਖੁਸ਼ੀ ਸੀ ।

ਦੋ ਦਿਨ ਬਾਅਦ ਉਹਨਾਂ ਦੀ ਕਬੱਡੀ ਦਾ ਮੈਚ ਵੀ ਸੀ, ਤੇ ਮੈਂ ਉਹ ਮੈਚ ਦੇਖਣ ਨਹੀਂ ਸੀ ਜਾ ਸਕਦਾ, ਕਿਉਂਕਿ ਓਥੇ ਸਿਰਫ਼ ਉਹੀ ਜਾ ਸਕਦੇ ਜਿਹਨਾਂ ਦੀਆਂ ਉਸ ਦਿਨ ਖੇਡਾਂ ਹੋਣ ਤੇ ਉਹਨਾਂ ਨਾਲ ਸਕੂਲ ਦੇ ਪੀ. ਟੀ. ਅਧਿਆਪਕ ਜੀ ਵੀ ਗਏ ।

ਜਦੋਂ ਸ਼ਾਮ ਨੂੰ ਉਹ ਵਾਪਿਸ ਸਕੂਲ ਆਏ ਤਾਂ ਉਹਨਾਂ ਸਭਨਾਂ ਦਾ ਬਹੁਤ ਵਧੀਆ ਤਰੀਕੇ ਨਾਲ ਸਵਾਗਤ ਕੀਤਾ ਗਿਆ। ਮੈਨੂੰ ਪਤਾ ਲੱਗਾ ਕਿ ਉਹਨਾਂ ਨੇ ਕੱਬਡੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਲਈ ਉਹਨਾਂ ਦਾ ਸਵਾਗਤ ਕੀਤਾ ਜਾ ਰਿਹਾ ਹੈ। ਇਹ ਸੁਣਕੇ ਮੈਨੂੰ ਵੀ ਬਹੁਤ ਖੁਸ਼ੀ ਹੋਈ ਤੇ ਅਗਲੇ ਦਿਨ ਸਵੇਰੇ ਸਾਡੇ ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਵਲੋਂ ਸਵੇਰ ਦੀ ਪ੍ਰਾਥਨਾ ਵਿੱਚ ਉਹਨਾਂ ਸਾਰਿਆਂ ਨੂੰ ਸਨਮਾਨਿਤ ਕੀਤਾ ਗਿਆ ਜੋ ਜੋ ਸਕੂਲ ਵਿੱਚ ਜਿੱਤ ਕੇ ਆਏ । ਉਸ ਦਿਨ ਮੈਨੂੰ ਇਹ ਵੀ ਪਤਾ ਲੱਗਿਆ, ਕਿ ਉਹ ਹਰ ਸਾਲ ਇਸੇ ਤਰ੍ਹਾਂ ਜਿੱਤਦੀ ਆ ਰਹੀ ਹੈ। ਓਥੇ ਹੀ ਪ੍ਰਿੰਸੀਪਲ ਜੀ ਵਲੋਂ ਸੁਖਵਿੰਦਰ ਨੂੰ ਵਿਸੇਸ਼ ਤੌਰ ਤੇ ਸਨਮਾਨ ਦਿੰਦਿਆ ਕਿਹਾ, ਕਿ “ਏਹੋ ਜਿਹੀਆਂ ਕੁੜੀਆਂ ਦੀ ਸਾਡੇ ਸਮਾਜ ਨੂੰ ਲੋੜ ਹੈ,” ਤੇ ਸਾਰਿਆਂ ਸਾਹਮਣੇ ਉਸਦੇ ਜਿੱਤੇ ਹੋਏ

www.PunjabiLibrary.com
Webtopdfconverter.com

ਮੈਡਲ ਸੁਖਵਿੰਦਰ ਦੇ ਗਲੇ ਵਿੱਚ ਪਾਏ ਤੇ ਅਪਣੇ ਵਲੋਂ ਵੀ ਇਨਾਮ ਵਜੋਂ ਥੋੜ੍ਹੀ ਜਿਹੀ ਰਾਸ਼ੀ ਦਿੱਤੀ।

ਹੁਣ ਤੱਕ ਮੈਂ ਤੇ ਸੁਖਵਿੰਦਰ ਅਸੀਂ ਦੋਵੇਂ ਵਧੀਆ ਦੋਸਤ ਬਣ ਗਏ ਸਨ । ਜਿਸ ਨੂੰ ਮੈਂ ਭੋਲੀ ਜਿਹੀ ਤੇ ਚੁੱਪ ਚਪੀਤੀ ਜਿਹੀ ਸਮਝਦਾ ਸੀ, ਉਸ ਨਾਲ ਗੱਲ ਬਾਤ ਕਰਨ ਤੋਂ ਬਾਅਦ ਮੈਂਨੂੰ ਇੰਝ ਲੱਗਿਆ ਜਿਵੇਂ ਉਸ ਨੇ ਅੱਜ ਤੱਕ ਇੰਨੀਆ ਗੱਲਾਂ ਕਿਸੇ ਨਾਲ ਨਾਂ ਕੀਤੀਆਂ ਤੇ ਉਸਨੂੰ ਵੀ ਉਸਦੀਆਂ ਗੱਲਾਂ ਸੁਣਨ ਵਾਲਾ ਕੋਈ ਦੋਸਤ ਨਾ ਮਿਲਿਆ । ਉਸ ਦੀ ਇਸ ਚੁੱਪੀ ਪਿੱਛੇ ਸੱਚੀ ਬਹੁਤ ਕੁੱਝ ਲੁਕਿਆ ਹੋਇਆ ਸੀ। ਪਰ ਮੈਂਨੂੰ ਅੱਜ ਵੀ ਉਸ ਦੀ ਘਰ ਦੀ ਸਥਿਤੀ ਵਾਰੇ ਨਹੀਂ ਸੀ ਪਤਾ, ਉਸਨੇ ਕਦੇ ਕੁੱਝ ਦੱਸਿਆ ਹੀ ਨ੍ਹੀ ਤੇ ਨਾ ਹੀ ਮੈਂ ਪੁੱਛਿਆ । ਹਾਂ ਉਸਨੇ ਇੰਨਾਂ ਜਰੂਰ ਦੱਸਿਆ ਸੀ, ਕਿ ਉਸਦੇ ਪਿਤਾ ਹੁਣ ਇਸ ਦੁਨੀਆਂ ਤੇ ਨਹੀਂ ਹੈ ਤੇ ਉਸਦੇ ਪਰਿਵਾਰ ਵਿੱਚ ਕੌਣ ਕੌਣ ਹੈ। ਤੇ ਉਸਨੂੰ ਮੈਂ ਅਪਣੇ ਪਰਿਵਾਰ

ਬਾਰੇ ਵੀ ਦੱਸਿਆ ।

ਹੁਣ ਨੋਵੀਂ ਜਮਾਤ ਵਿੱਚ ਸਾਲ ਕਦੋਂ ਪੂਰਾ ਹੋਇਆ ਪਤਾ ਹੀ ਨ੍ਹੀ ਲੱਗਾ, ਪੇਪਰ ਆਏ ਤੇ ਫਿਰ ਨਤੀਜਾ । ਸਾਡੀ ਸਾਰੀ ਜਮਾਤ ਵਿੱਚੋਂ ਤਿੰਨ ਮੁੰਡੇ ਤੇ ਇੱਕ ਕੁੜੀ ਨੂੰ ਛੱਡ ਸਾਰੀ ਜਮਾਤ ਪਾਸ ਸੀ,

Webtopdfconverter.com

ਮੈਂ ਤੇ ਸੁਖਵਿੰਦਰ ਵੀ ਵਧੀਆ ਨੰਬਰਾਂ ਨਾਲ ਪਾਸ ਸੀ ਨਤੀਜੇ ਵਾਲੇ ਦਿਨ ਸੁਖਵਿੰਦਰ ਨਹੀਂ ਸੀ ਆਈ, ਪਤਾ ਨ੍ਹੀ ਕਿਉਂ?

ਮੈਂਨੂੰ ਲੱਗਿਆ ਸ਼ਾਇਦ ਨਤੀਜੇ ਦੇ ਡਰ ਦੀ ਮਾਰੀ ਨੀ ਆਈ। ਮੇਰੇ ਨੰਬਰ ਉਸ ਨਾਲੋਂ ਜ਼ਿਆਦਾ ਆਏ ਤੇ ਮੈਂ ਉਸ ਨੂੰ ਇਸ ਗੱਲ ਲਈ ਚਿੜਾਉਂਣਾ ਚਾਹੁੰਦਾ ਸੀ । ਉਸ ਦਿਨ ਤੋਂ ਬਾਅਦ ਕੁੱਝ ਛੁੱਟੀਆਂ ਵੀ ਹੋਈਆਂ, ਤਾਂ ਜੋ ਸਾਰੇ ਅਗਲੀ ਜਮਾਤ ਲਈ ਤਿਆਰੀ ਕਰ ਸਕਣ। ਛੁੱਟੀਆਂ ਤੋਂ ਬਾਅਦ ਮੈਂ ਉਸ ਦਿਨ ਬਹੁਤ ਖੁਸ਼ ਸੀ, ਮੈਂਨੂੰ ਸਕੂਲ ਜਾਣ ਤੋਂ ਜ਼ਿਆਦਾ ਖੁਸ਼ੀ ਅਪਣੀ ਉਸ ਦੋਸਤ ਨੂੰ ਮਿਲਣ ਦੀ ਸੀ । ਦਰਅਸਲ ਮੈਂ ਬਹੁਤ ਹਿੰਮਤ ਕਰਕੇ ਉਸਨੂੰ ਅੱਜ ਅਪਣੇ ਦਿੱਲ ਦੀ ਗੱਲ ਦੱਸਣੀ ਚਾਹੁੰਦਾ ਸੀ। ਮੈਂ ਸੋਚਿਆ ਹੋਇਆ ਸੀ ਕਿ ਮੈਂ ਜੋ ਉਸ ਬਾਰੇ ਸੋਚਦਾ ਹਾਂ, ਉਹ ਸਾਰਾ ਕੁੱਝ ਮੈਂ ਨੋਵੀਂ ਜਮਾਤ ਦੇ ਖਤਮ ਹੋਣ ਤੋਂ ਬਾਅਦ ਹੀ ਦੱਸੂ । ਉਸ ਬਾਰੇ ਮੈਂ ਜੋ ਵੀ ਸੋਚਦਾ ਸੀ ਉਸ ਨੂੰ ਇਸ ਗੱਲ ਦਾ ਬਿਲਕੁਲ ਵੀ ਨਹੀਂ ਸੀ ਪਤਾ। ਮੈਂ ਸਕੂਲ ਜਾਣ ਤੋਂ ਇੱਕ ਦਿਨ ਪਹਿਲਾਂ ਇੰਨਾ ਖੁਸ਼ ਸੀ, ਕਿ ਉਸ ਰਾਤ ਨੀਂਦ ਵੀ ਨਹੀ ਸੀ ਆ ਰਹੀ। ਕਦੇ ਪਾਸਾ ਵੱਟ ਦਾ ਇੱਧਰ ਨੂੰ ਮੂੰਹ ਕਰ ਲੈਂਦਾ, ਕਦੇ ਦੂਜੇ ਪਾਸੇ ਕਦੇ ਉੱਠ ਕੇ ਬਾਹਰ ਚਲਾ ਜਾਂਦਾ । ਸੋਚ ਸੋਚ ਕੇ ਘਬਰਾਹਟ ਵੀ ਹੋ ਰਹੀ ਸੀ ਕਿ ਪਤਾ ਨਹੀਂ ਉਹ ਮੇਰੇ ਬਾਰੇ ਕੀ ਸੋਚੂ। ਸਮਾਂ ਵੀ ਉਸ ਵਕਤ ਕੱਛੂ ਦੀ ਚਾਲ ਚੱਲ ਰਿਹਾ ਸੀ। ਟਾਲ ਮਟੋਲ ਕਰਦੇ ਕਰਦੇ ਨੀਂਦ ਆਈ

Webtopdfconverter.com

ਤੇ ਸਵੇਰੇ ਵੀ ਜਲਦ ਅੱਖ ਖੁੱਲ੍ਹ ਗਈ। ਜਲਦੀ ਜਲਦੀ ਤਿਆਰ ਹੋ ਕੇ, ਸਾਇਕਲ ਚੱਕ ਘਰੋਂ ਬਾਹਰ ਨਿਕਲਣ ਲੱਗਾ ਤੇ ਮੰਮੀ ਨੇ ਹਾਕ ਮਾਰਦੇ ਹੋਏ ਕਿਹਾ, "ਪੁੱਤ ਰੋਟੀ ਤਾਂ ਖਾਕੇ ਜਾ ਐਂਵੇ ਖ਼ਾਲੀ ਪੇਟ ਨ੍ਹੀ ਜਾਂਦੇ ਹੁੰਦੇ", ਤੇ ਨਾਲ ਹੱਥ ਵਿਚ ਉਸਨੇ ਦਹੀਂ ਤੇ ਸ਼ੱਕਰ ਰਲਾਈ ਕੌਲੀ ਫੜ੍ਹੀ ਹੋਈ ਸੀ। ਉਸਨੂੰ ਸੀ ਅੱਜ ਮੁੰਡੇ ਦਾ ਪਹਿਲਾ ਦਿਨ ਆਂ ਨਵੀਂ ਜਮਾਤ ਵਿੱਚ ਤੇ ਮੂੰਹ ਮਿੱਠਾ ਕਰਕੇ ਭੇਜਣਾ ਚਾਹੂੰਦੀ ਸੀ । ਉਹ ਹਰੇਕ ਸਾਲ ਇੰਞ ਹੀ ਕਰਿਆ ਕਰਦੀ। ਰੋਟੀ ਮੈਂ ਫਿਰ ਵੀ ਨਾਂ ਖਾਈ ਬਸ ਦਹੀਂ ਸ਼ੱਕਰ ਖਾ ਕੇ ਘਰੋਂ ਨਿਕਲ ਆਇਆ।

ਪੂਰੇ ਰਸਤੇ ਵਿੱਚ ਮਨ ਵਿੱਚ ਹੀ ਬਹੁਤ ਕੁੱਝ ਸੋਚੀ ਜਾ ਰਿਹਾ ਸੀ। ਉਹ ਮੈਨੂੰ ਅਪਣਾ ਬਹੁਤ ਚੰਗਾ ਦੋਸਤ ਮੰਨਦੀ ਸੀ । ਅਸੀਂ ਇੱਕ ਦੂਸਰੇ ਨੂੰ ਹਰੇਕ ਗੱਲ ਦੱਸਦੇ ਤੇ ਉਸਨੇ ਅਪਣੇ ਸੁਪਨੇ ਵਾਰੇ ਵੀ ਮੈਨੂੰ ਦੱਸ ਦਿੱਤਾ ਸੀ । ਉਸਨੇ ਇਹ ਵੀ ਦੱਸਿਆ ਕਿ ਉਸਨੂੰ ਦਸਵੀਂ ਜਮਾਤ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਵਲੋਂ ਉਸ ਦੀਆਂ ਖੇਡਾਂ ਦੀਆਂ ਪ੍ਰਾਪਤੀਆਂ ਤੋਂ ਖੁਸ਼ ਹੋਕੇ ਉਸਨੂੰ ਸਰਕਾਰੀ ਖਰਚੇ ਤੇ ਵਧੀਆ ਅਕਾਦਮੀ, (ਮੋਹਾਲੀ) ਵਿੱਚ ਭੇਜਿਆ ਜਾਊ, ਜਿਸ ਨਾਲ ਉਹ ਅਪਣਾ ਸੁਪਨਾ ਵੀ ਪੂਰਾ ਕਰ ਲਵੇਗੀ। ਪ੍ਰਿੰਸੀਪਲ ਦੀ ਇਹ ਗੱਲ ਸੁਣਕੇ ਉਸਦੇ ਖੁਸ਼ੀ ਨਾਲ ਪੈਰ ਹੀ ਜ਼ਮੀਨ ਤੇ ਨਹੀਂ ਸੀ

ਲੱਗ ਰਹੇ । ਉਸਨੂੰ ਅਪਣਾ ਸੁਪਨਾ ਪੂਰਾ ਹੁੰਦਾ ਨਜ਼ਰ ਆ ਰਿਹਾ ਸੀ, ਬਸ ਇੱਕ ਸਾਲ ਹੀ ਹੋਰ ਇੰਤਜ਼ਾਰ ਕਰਨਾ ਸੀ। ਉਹਨਾਂ ਦੀ ਇਸ ਗੱਲ ਤੋਂ ਮੈਂ ਵੀ ਬਹੁਤ ਖੁਸ਼ ਸੀ। ਹੁਣ ਸੋਚਦਾ ਸੋਚਦਾ ਮੈਂ ਸਕੂਲ ਵਿੱਚ ਵੀ ਪਹੁੰਚ ਗਿਆ, ਪਰ ਮੈਂਨੂੰ ਸੁਖਵਿੰਦਰ ਕਿਤੇ ਨਾ ਦਿਸੀ, ਹੁਣ ਤੱਕ ਮੈਂ ਸਮਝ ਚੁੱਕਾ ਸੀ ਕੇ ਉਹ ਅੱਜ ਸਕੂਲ ਨਹੀਂ ਆਈ ਮੇਰਾ ਸਾਰਾ ਦਿਨ ਮੈਂਨੂੰ ਖਰਾਬ ਜਿਹਾ ਹੋ ਗਿਆ ਲੱਗਦਾ ਸੀ। ਅੱਜ ਮੈਂ ਉਸਨੂੰ ਆਪਣੀਆਂ ਲਿਖੀਆਂ ਹੋਈਆਂ ਦੋ ਲਾਇਨਾਂ ਵੀ ਸੁਣਾਉਣਾ ਚਾਹੁੰਦਾ ਸੀ...

ਜੀ-ਜੀ ਸੁਣਨਾ ਚਾਹੁੰਦਾ ਨੀ
ਮੈਂ ਤੇਰਿਆਂ ਬੁੱਲ੍ਹਾਂ ਚੋਂ ,
ਹਲਦੀ ਦਾ ਰੰਗ ਬਣਾਇਆ
ਦੇਖ ਸਰੋਂ ਦਿਆਂ ਫੁੱਲਾਂ ਚੋਂ,

ਕਿੰਨਾ ਕੁੱਝ ਕਿੱਤਾ ਮੈਂ
ਤੈਨੂੰ ਬੁਲਾਉਣ ਲਈ,
ਪੀਪਨੀ ਬਣਾਈ ਬਰਸੀਨ ਦੀ
ਤੈਨੂੰ ਸੁਣਾਉਣ ਲਈ,

Webtopdfconverter.com

ਤੂੰ ਨਾ ਮੁੜ ਆਈ
ਰਹਿਗੀ ਯਾਦ ਸਾਡੇ ਪੱਲੇ ਨੀ,
ਦੇਖ ਕਣਕਾਂ ਦੇ ਰੰਗ ਵੀ
ਸੁਨਿਹਰੀ ਹੋ ਚੱਲੇ ਨੀ।।

ਅੱਜ ਤੀਜਾ ਦਿਨ ਸੀ ਤੇ ਉਹ ਅੱਜ ਵੀ ਸਕੂਲ ਨਾ ਆਈ । ਮੈਨੂੰ ਉਸ ਵਾਰੇ ਸੋਚ ਸੋਚ ਕੇ ਫਿਕਰ ਵੀ ਹੋ ਰਿਹਾ ਸੀ।

ਉਸ ਦੀਆਂ ਛੋਟੀਆਂ ਭੈਣਾਂ ਤੇ ਭਾਈ ਵੀ ਉਸੇ ਸਕੂਲ ਵਿੱਚ ਪੜ੍ਹਦੇ ਸੀ, ਪਰ ਉਹਨਾਂ ਨੂੰ ਪੁੱਛਣਾ ਮੈਨੂੰ ਉਸ ਸਮੇਂ ਸਹੀ ਨਹੀਂ ਸੀ ਲੱਗਿਆ । ਉਸ ਦੀ ਇੱਕ ਸਹੇਲੀ ਵੀ ਸੀ ਜਿਸਦਾ ਨਾਮ ਹਰਦੀਪ ਸੀ। ਜੋ ਉਸ ਦੇ ਨਾਲ ਪਿੰਡੋਂ ਆਉਂਦੀ ਸੀ ਤੇ ਦੋਵੇਂ ਇੱਕੋ ਸੀਟ ਤੇ ਬੈਠਦੀਆ । ਮੈਂ ਸੋਚਿਆ ਵੀ ਇਸ ਨੂੰ ਪੁੱਛਣਾ ਸਹੀ ਰਹੂ । ਹੁਣ ਅੱਧੀ ਛੁੱਟੀ ਵ੍ਹੇਲੇ, ਮੈਂ ਉਸਨੂੰ ਪੁੱਛਿਆ।

ਮੈਂ :- “ਹਰਦੀਪ ”, “ਕੀ ਹੋਇਆ ਸੁਖਵਿੰਦਰ ਨੂੰ, ਉਹ ਏਨੇ ਦਿਨਾਂ ਤੋਂ ਸਕੂਲ ਕਿਉਂ ਨ੍ਹੀ ਆ ਰਹੀ, ਨਤੀਜੇ ਵਾਲੇ ਦਿਨ ਵੀ ਉਹ ਨਾ ਆਈ, ਸਭ ਠੀਕ ਤਾਂ ਹੈ ਉਹਨਾਂ ਘਰੇ”? (ਮੈਂ ਹਰਦੀਪ ਨੂੰ ਪੁੱਛਿਆ)

www.PunjabiLibrary.com

Webtopdfconverter.com

(ਉਸਨੂੰ ਤਾਂ ਪਤਾ ਹੀ ਸੀ ਵੀ ਅਸੀਂ ਵਧੀਆ ਦੋਸਤ ਆ ਤਾਹੀਓਂ ਉਸਨੇ ਬਿਨਾਂ ਕੁੱਝ ਪੁੱਛੇ ਮੈਨੂੰ ਸਭ ਕੁੱਝ ਦੱਸ ਦਿੱਤਾ, ਜੋ ਕੁੱਝ ਉਸ ਕੋਲੋਂ ਪਤਾ ਲੱਗਾ ਉਹ ਸੁਣਕੇ ਮੈਂ ਹੱਕਾ ਬੱਕਾ ਰਹਿ ਗਿਆ) ।

ਹਰਦੀਪ :- "ਹੋਰ ਵਿਚਾਰੀ ਉਹਦੀ ਮਾਂ ਕੀ ਕਰੇ? ਵਿਚਾਰੀ ਏਨੀਆਂ ਮੁਸ਼ਕਿਲਾਂ ਦੇ ਨਾਲ ਤਾਂ ਸਾਰਿਆਂ ਨੂੰ ਪੜ੍ਹਾ ਰਹੀ ਸੀ" । (ਉਸਨੇ ਮੇਰੀ ਗੱਲ ਦਾ ਜਵਾਬ ਦਿੰਦਿਆਂ ਕਿਹਾ)

ਮੈਂ :- "ਸੀ", "ਸੀ ਤੋਂ ਕੀ ਮਤਲਬ" , (ਮੈਂ ਹੈਰਾਨ ਹੋਕੇ ਹਰਦੀਪ ਨੂੰ ਪੁੱਛਿਆ) ।

ਹਰਦੀਪ :- "ਮਤਲਬ ਏਹ, ਕਿ ਉਸਦੀ ਮਾਂ ਨੇ ਹੁਣ ਉਸਨੂੰ ਸਕੂਲ ਤੋਂ ਹਟਾ ਲਿਆ, ਤੇ ਥੋੜ੍ਹੇ ਦਿਨਾਂ ਬਾਅਦ ਉਸਦਾ ਵਿਆਹ ਵੀ ਧਰਿਆ"।

ਮੈਂ :- ਵਿਆਹ! ਮੈਂ ਸਮਝਿਆ ਨੀ, ਕੀ ਮਤਲਬ! (ਹੁਣ ਮੈਂ ਪਹਿਲਾਂ ਨਾਲੋਂ ਵੀ ਜ਼ਿਆਦਾ ਹੈਰਾਨੀ ਨਾਲ ਉਸ ਵੱਲ ਦੇਖ ਰਿਹਾ ਸੀ, ਤੇ ਮੇਰੇ ਦਿਲ ਦੀਆਂ ਧੜਕਨਾਂ ਵੀ ਤੇਜ਼ ਹੋ ਰਹੀਆਂ ਸੀ)

ਹਰਦੀਪ :- "ਵਿਆਹ ਦਾ ਮਤਲਬ, ਵਿਆਹ" (ਉਸਨੇ ਬੜੇ ਔਖੇ ਜਿਹੇ ਤਰੀਕੇ ਨਾਲ ਮੇਰੀ ਗੱਲ ਦਾ ਜਵਾਬ ਦਿੱਤਾ ਤੇ ਕਿਹਾ )

www.PunjabiLibrary.com

Webtopdfconverter.com

ਪੇਪਰਾਂ ਤੋਂ ਬਾਅਦ ਹੀ ਉਹਦੇ ਸੋਹਰੇ ਉਹਨੂੰ ਦੇਖਣ ਲਈ ਆਏ ਸੀ ਤੇ ਅਗਲੇ ਦਿਨ ਮੈਂ ਤੇ ਮੇਰੀ ਸਹੇਲੀ ਅਸੀਂ ਦੋ ਜਣੀਆਂ ਵੀ ਉਸਦੇ ਘਰ ਗਏ ਸੀ ਤੇ ਅਸੀਂ ਉਸਨੂੰ ਪੁੱਛਿਆ...... .....

.. ਸੋਹਰੇ ਵੀ ਦੇਖਣ ਤੈਨੂੰ ਆਏ ਹੋਣੇ ਆ

ਦੇਖ ਤੈਨੂੰ ਵੀ ਸ਼ਗਨ ਉਹਨਾਂ ਪਾਏ ਹੋਣੇ ਆ,

ਕਹਿੰਦੇ ਹੋਣੇ ਆਈ ਚੰਦ ਤੋਂ ਆ ਲੱਗਦੀ

ਸੁਣ ਤੇਰੇ ਵੀ ਤਾਂ ਦੰਦ ਮੁਸਕਾਏ ਹੋਣਾ ਆ ,

ਬੋਲ ਦੱਸ ਨੀਂ ਜੋ ਹੋਈ ਗੱਲ ਸਾਰੀ ਆ,

ਹੁਣ ਬੋਲਦੀ ਨਾ ਕਾਹਤੋਂ ਦੱਸ ਚੁੱਪ ਧਾਰੀ ਆ,

ਕਿਵੇਂ ਦੀ ਆ ਸੱਸ ਤੇਰੀ ਕਿਵੇਂ ਦਾ ਪਰੋਣਾ ਨੀ ,

ਦੱਸ ਸਾਡਾ ਜੀਜਾ ਕਿੰਨਾ ਕੁ ਏ ਸੋਹਣਾ ਨੀ .....?

....... ਪਰ ਉਸਨੂੰ ਪਤਾ ਨ੍ਹੀ ਕਾਹਦਾ ਦੁੱਖ ਲੱਗਿਆ ਹੋਇਆ ਸੀ। ਅਸੀਂ ਪਾਗਲਾਂ ਵਾਂਗ ਬੋਲਕੇ ਮੁੜ ਆਏ ਤੇ ਉਹ ਕੁੱਝ ਵੀ ਨਾ ਬੋਲੀ।

ਮੈਂ :- ਨਹੀਂ ਪਰ ਏਹ ਤਾਂ ਗ਼ਲਤ ਆ, ਉਹ ਤਾਂ ਕਿੰਨਾ ਚੰਗਾ ਖੇਡਦੀ ਆ, ਤੇ ਹੁਣ ਦਸਵੀਂ ਪਾਸ ਕਰਨ ਤੋਂ ਬਾਅਦ ਉਸ ਨੂੰ

Webtopdfconverter.com

ਮੋਹਾਲੀ ਅਕਾਦਮੀ ਚ ਵੀ ਭੇਜਿਆ ਜਾਊ।(ਮੈਂ ਬਹੁਤ ਹੈਰਾਨੀ ਨਾਲ ਤੇ ਘਬਰਾਹਟ ਵਿੱਚ ਉਸ ਨਾਲ ਗੱਲ ਕਰ ਰਿਹਾ ਸੀ)।

ਹਰਦੀਪ :- "ਵੀਰੇ ਸੁਪਨੇ, ਸਾਪਨੇ ਤਾਂ ਵੱਡੇ ਲੋਕਾਂ ਦੇ ਹੁੰਦੇ ਨੇ," ਸਾਡੇ ਗਰੀਬਾਂ ਦੇ ਕਿਹੜੇ ਸੁਪਨੇ? ਸਾਨੂੰ ਤਾਂ ਪੜ੍ਹਾਇਆ ਵੀ ਤਾਂ ਜਾਂਦਾ, ਵੀ ਬਾਜ਼ਾਰ ਵਿਚੋਂ ਸਮਾਨ ਲੈਂਦੇ ਕੋਈ ਵੱਧ ਘੱਟ ਪੈਸੇ ਨਾ ਮੋੜ ਦੇ ਤੇ ਅੰਗੂਠੇ ਦੀ ਜਗ੍ਹਾ ਤੇ ਅਪਣੇ ਹਸਤਾਖ਼ਰ ਕਰ ਸਕੀਏ। (ਏਹ ਗੱਲਾਂ ਉਸਨੇ ਬਹੁਤ ਦੁਖੀ ਤੇ ਉਦਾਸ ਜਿਹੇ ਹੋਕੇ ਮੈਨੂੰ ਕਹੀਆਂ )

ਮੈਂ :- ਨਹੀਂ ਪਰ ਉਸਦੀ ਤਾਂ ਅਜੇ ਏਨੀ ਉਮਰ ਵੀ ਨ੍ਹੀ ਹੈ ਗੀ। ਫਿਰ ਉਹਦਾ ਵਿਆਹ ਤਾਂ ਗੈਰ ਕਾਨੂੰਨੀ ਹੋਇਆ। ( ਮੈਂ ਹਰਦੀਪ ਨੂੰ ਕਿਹਾ)

ਹਰਦੀਪ :- ਵੀਰੇ ਕੋਈ ਨਵੀਂ ਗੱਲ ਹੋਵੇ ਤਾਂ ਦੱਸੋ, ਤੁਸੀਂ ਤਾਂ ਐਵੇਂ ਪੁੱਛ ਰਹੇ ਓ ਜਿਵੇਂ ਤੁਸੀਂ ਕਿਸੇ ਦੂਜੀ ਦੁਨੀਆਂ ਤੋਂ ਆਏ ਹੋਵੋ। ਏਹ ਤਾਂ ਸ਼ੁਰੂ ਤੋਂ ਹੀ ਸਾਡੇ ਨਾਲ ਹੁੰਦਾ ਆਇਆ...
.... ਜਿਸ ਦਿਨ ਤੋਂ ਉਸਨੇ ਅਪਣੇ ਵਿਆਹ ਦੀ ਖ਼ਬਰ ਸੁਣੀ ਏੈ ਵਿਚਾਰੀ ਬੀਮਾਰ ਹੋ ਗਈ। ਪਿਛਲੇ ਤਿੰਨ ਦਿਨਾਂ ਤੋਂ ਨਾਭੇ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਪਈ ਐ।

www.PunjabiLibrary.com

Webtopdfconverter.com

ਇੰਨਾ ਕੁੱਝ ਸੁਣ ਕੇ ਮੈਂ ਪੂਰਾ ਸੁੰਨ ਹੋ ਗਿਆ , ਮੇਰੇ ਪੈਰਾਂ ਨਿੱਚੋਂ ਦੀ ਜ਼ਮੀਨ ਹੀ ਜਿਵੇਂ ਖਿਸਕ ਗਈ ਹੋਵੇ । ਮੈਂ ਸੋਚੀ ਪੈ ਗਿਆ ਤੇ ਸੋਚਣ ਲੱਗਾ, ਕਿ ਉਸ ਨੇ ਛੋਟੀ ਜਿਹੀ ਉਮਰ ਵਿੱਚ ਕਿੰਨਾ ਕੁੱਝ ਦੇਖਿਆ ਹੋਣਾ।

ਮੈਂ ਸੋਚਾਂ ਵਿੱਚ ਏਨਾ ਡੂੰਘੇ ਚਲਾ ਗਿਆ ਸੀ ਕਿ ਖੁਦ ਨੂੰ ਪਤਾ ਵੀ ਨਾ ਲੱਗਿਆ ਕਦੋਂ ਅੱਧੀ ਛੁੱਟੀ ਖ਼ਤਮ ਹੋਣ ਦੀ ਘੰਟੀ ਵੱਜੀ ਤੇ ਜਿਹਨਾਂ ਅਧਿਆਪਕ ਜੀ ਦੀ ਹੁਣ ਕਲਾਸ ਲੱਗਣੀ ਸੀ ਉਹ ਵੀ ਕਲਾਸ ਵਿਚ ਆ ਗਏ । ਸਾਰੇ ਉਹਨਾਂ ਦੇ ਸਨਮਾਨ ਵਿੱਚ ਖੜ੍ਹੇ ਹੋਏ ਤੇ ਮੈਂ ਪਤਾ ਨ੍ਹੀ ਕਿਹੜੀ ਦੁਨੀਆਂ ਵਿੱਚ ਗੁਆਚਾ ਹੋਇਆ ਸੀ, ਤੇ ਹੁਣ ਤੱਕ ਬੈਠਾ ਹੀ ਸੀ । ਅਧਿਆਪਕ ਜੀ ਦੇ ਹੱਥ ਵਿੱਚ ਡੰਡਾ ਸੀ, ਤੇ ਉਹਨਾਂ ਨੇ ਜ਼ੋਰ ਨਾਲ ਉਹ ਡੰਡਾ ਉਹਨਾਂ ਕੋਲ ਪਏ ਮੇਜ਼ ਤੇ ਮਾਰਿਆ, ਜਿਸ ਨਾਲ ਮੇਰਾ ਧਿਆਨ ਉਹਨਾਂ ਵੱਲ ਗਿਆ। ਇਹ ਡੰਡਾ ਉਹਨਾਂ ਨੇ ਮੈਨੂੰ ਹੀ ਜਗਾਉਣ ਲਈ ਮਾਰਿਆ, ਤੇ ਸਾਰੀ ਜਮਾਤ ਦੇ ਵਿਦਿਆਰਥੀਆਂ ਮੇਰੇ ਉਤੇ ਹੱਸਣ ਲੱਗੇ, ਮੈਂ ਵੀ ਸ਼ਰਮ ਦੇ ਮਾਰੇ ਨੇ ਨਿੱਚੇ ਨੂੰ ਮੂੰਹ ਕਰ ਨੀਵੀਂ ਪਾ ਲਈ। ਅਧਿਆਪਕ ਜੀ ਬੋਲੇ, " ਨੀਂਦ ਉੱਤਰ ਗਈ ਹੋਵੈ ਤਾਂ ਆਪਾਂ ਪੜ ਸਕਦੇ ਆ" । ਮੈਂ ਸ਼ਰਮ ਦੇ ਮਾਰੇ ਨੇ ਹਾਲੇ ਤੱਕ ਨੀਵੀਂ ਪਾਈ ਹੋਈ ਤੇ ਚੁੱਪ ਕਰਕੇ ਖੜਾ ਸੀ।

Webtopdfconverter.com

"ਅੱਜ ਪਹਿਲੀ ਗਲਤੀ ਮਾਫ਼ ਕਰ ਦਿੰਨਾ, ਜੇ ਅੱਜ ਤੋਂ ਬਾਅਦ ਦੁਆਰਾ ਏ ਗ਼ਲਤੀ ਹੋਈ ਤਾਂ ਆ ਦੇਖ ਲਓ, "(ਉਹ ਅਪਣੇ ਡੰਡੇ ਨੂੰ ਉੱਪਰ ਕਰ ਦਿਖਾਕੇ ਬੋਲੇ) ", ਤੇ ਫਿਰ ਸਭ ਨੂੰ ਬੈਠਣ ਲਈ ਕਿਹਾ ।

ਮੇਰੇ ਦਿਮਾਗ ਵਿੱਚ ਅਜੇ ਵੀ ਸੁਖਵਿੰਦਰ ਹੀ ਘੁੰਮੀ ਜਾ ਰਹੀ ਸੀ ਪਤਾ ਨ੍ਹੀ ਦਿਮਾਗ ਕਿਹੋ ਕਿਹੋ ਜਿਹੀਆਂ ਤਸਵੀਰਾਂ ਬਣਾਈ ਜਾ ਰਿਹਾ ਸੀ।

ਤੇ ਓਧਰ ਸੁਖਵਿੰਦਰ ਅਜੇ ਹਸਪਤਾਲ ਵਿੱਚ ਬੀਮਾਰ ਪਈ । ਬਸੰਤ ਕੌਰ ਦੇ ਉਸਦੀ ਹਾਲਤ ਦੇਖ ਹੰਝੂ ਵੀ ਨਹੀਂ ਸਨ ਰੁੱਕ ਰਹੇ, ਕਦੇ ਉਸਦਾ ਹੱਥ ਫੜਦੀ ਤੇ ਕਦੇ ਸਿਰ ਨੂੰ ਘੁੱਟਦੀ, ਤੇ ਕਦੇ ਅਪਣੇ ਹੰਝੂਆਂ ਨੂੰ ਸੁਖਵਿੰਦਰ ਕੋਲੋਂ ਲੁਕਾਉਣ ਦਾ ਯਤਨ ਕਰਦੀ ।

"ਕਿਵੇਂ ਆ ਕੁੜੀਏ, ਹੁਣ ਤੰਦਰੁਸਤ ਐ", ਅਚਾਨਕ ਡਾਕਟਰ ਵੀ ਕਮਰੇ ਵਿੱਚ ਆ ਕੇ ਬੈੱਡ ਤੇ ਪਈ ਸੁਖਵਿੰਦਰ ਦਾ ਹਾਲ ਪੁੱਛਣ ਲੱਗਾ , ਬੜੀ ਮੁਸ਼ਕਿਲ ਨਾਲ ਉਸਦੇ ਮੂੰਹ ਵਿਚੋਂ "ਠੀਕ ਆ ਜੀ " ਸ਼ਬਦ ਨਿਕਲੇ। ਉਸ ਵਕਤ ਡਾਕਟਰ ਨੂੰ ਵੀ ਪਤਾ ਹੀ ਸੀ ਕਿ ਇਹ ਕਿੰਨੀ ਕੁ ਠੀਕ ਆ।

Webtopdfconverter.com

ਡਾਕਟਰ ਸਾਹਬ ਏਹਨੂੰ ਜਲਦੀ ਜਲਦੀ ਠੀਕ ਕਰਦੋ, ਇਹਦਾ ਚਾਰ ਦਿਨਾਂ ਤੱਕ ਵਿਆਹ ਧਰਿਆ ਹੋਇਆ । "ਵਿਆਹ! ਡਾਕਟਰ ਨੇ ਬੜੀ ਹੈਰਾਨੀ ਨਾਲ ਉਸ ਵੱਲ ਦੇਖਿਆ ਤੇ ਫਿਰ ਗੁਰਵਿੰਦਰ ਵੱਲ ," ਮਾਤਾ ਪਾਗਲ ਹੋਈ ਐ", ਵਿਆਹ ਆਲੀ ਉਮਰ ਤਾਂ ਹੋ ਲੈਣ ਦੇ ਕੁੜੀ ਦੀ ਕਿਉਂ ਕਾਹਲੀ ਕਰਦੀ ਏ, ਨਾਲੇ ਅਜੇ ਤਾਂ ਪੂਰੀ ਤਰ੍ਹਾਂ ਠੀਕ ਵੀ ਨ੍ਹੀ ਹੈ ਗੀ ਹਾਲੇ ਤਾਂ ਕੁੜੀ ਪੜਦੀ ਵੀ ਹੋਣੀ ।(ਡਾਕਟਰ ਨੇ ਬਹੁਤ ਹੈਰਾਨ ਹੋਕੇ ਗੁੱਸੇ ਵਿੱਚ ਏਹ ਗੱਲਾਂ ਬਸੰਤ ਕੌਰ ਨੂੰ ਕਹੀਆਂ)

ਡਾਕਟਰ ਸਾਹਬ ਨੈਂ ਜਮਾਤਾਂ ਤਾਂ ਪੜ੍ਹ ਲਈ ਹੋਰ ਅੱਗੇ ਕੀ ਕਰੂ ਪੜ੍ਹਕੇ ਵਿਆਹ ਤੋਂ ਬਾਅਦ ਸੰਭਾਲਣਾ ਤਾਂ ਚੁੱਲਾ ਚੌਂਕਾਂ ਹੀ ਆ । ਨਾਲੇ ਕੀ ਦੱਸਾਂ ਥੋਨੂੰ ਬਹੁਤ ਮਜ਼ਬੂਰੀਆਂ ਹੁੰਦੀਆਂ ਨੇ , ਨਹੀਂ ਕੌਣ ਮਾਂ ਅਪਣੀ ਧੀ ਨਾਲ ਏਦਾਂ ਕਰਦੀ ਆ, ਮੈਂ ਵੀ ਜ਼ਿਆਦਾ ਸਮਾਂ ਢੀਲੀ ਹੀ ਰਹਿਣੀ ਆ ਜੇ ਮੈਨੂੰ ਕੁੱਝ ਹੋ ਗਿਆ ਤਾਂ ਏਨ੍ਹਾਂ ਨੂੰ ਪਿੱਛੇ ਸਾਂਭਣ ਵਾਲਾ ਕੋਈ ਵੀ ਨ੍ਹੀ ਹੈ। ਜੇ ਅੱਜ ਵੱਡੀ ਕੁੜੀ ਦਾ ਵਿਆਹ ਕੀਤਾ ਤਾਂ ਜਮਾਈ ਭਾਈ ਏਨ੍ਹਾਂ ਦਾ ਖਿਆਲ ਤਾਂ ਰੱਖੂ (ਬਸੰਤ ਕੌਰ ਹੰਝੂਆਂ ਨੂੰ ਰੋਕਦੀ ਰੋਕਦੀ ਬੋਲੀ)। ਇੰਨਾ ਸੁਣਦੇ ਸਾਰ ਡਾਕਟਰ ਵੀ ਬੋਲਿਆ ਚੱਲ ਮਾਤਾ ਜਿਵੇਂ ਤੇਰਾ ਜੀਅ ਕਰਦਾ ਉਵੇਂ ਕਰ, ਮੈਂ ਤਾਂ ਤੈਨੂੰ ਕਹਿੰਦਾ ਸੀ ਵੀ ਕੁੜੀ ਨੂੰ ਘੱਟੋ-ਘੱਟ ਦੱਸਵੀਂ ਤਾਂ ਪੂਰੀ ਕਰਾ ਦਿੰਦੀ, "ਬਾਕੀ ਮਾਤਾ ਤੇਰੀ ਮਰਜ਼ੀ ਐ" ਮੈਂ ਤਾਂ ਕਹਿਣਾ ਸੀ

Webtopdfconverter.com

ਕਹਿ ਦਿੱਤਾ । ਉਸ ਵਕਤ ਡਾਕਟਰ ਉਸਦੀ ਹਾਲਤ ਸਮਝ ਵੀ ਰਿਹਾ ਸੀ ਤੇ ਨਹੀਂ ਵੀ । ਇੰਨਾਂ ਸੁਣਦੇ ਬਸੰਤ ਕੌਰ ਸੋਚੀ ਤਾਂ ਪਈ ਪਰ ਹੁਣ ਚਾਰ ਦਿਨਾਂ ਬਾਅਦ ਜੰਞ ਨੇ ਆਉਣਾ ਸੀ , ਉਸਨੇ ਅਪਣੀ ਇਸ ਸੋਚ ਨੂੰ ਓਥੇ ਹੀ ਦੱਬ ਦਿੱਤਾ।

ਅਖ਼ੀਰ ਅੱਜ ਸੁਖਵਿੰਦਰ ਦੇ ਵਿਆਹ ਵਾਲਾ ਦਿਨ ਵੀ ਆ ਗਿਆ। ਉਹ ਅੱਜ ਵੀ ਅਪਣੀ ਮਾਂ ਨੂੰ ਰੋ ਰੋ ਕੇ ਕਹਿ ਰਹੀ ਸੀ ਕਿ ਉਸਨੇ ਹਾਲੇ ਵਿਆਹ ਨਹੀਂ ਕਰਵਾਉਣਾ। ਉਸਨੇ ਅਪਣੇ ਸੁਪਨੇ ਪੂਰੇ ਕਰਨੇ ਨੇ। ਬਸੰਤ ਕੌਰ ਬੋਲੀ ਪੁੱਤ ਜੋ ਕਰਨਾ ਵਿਆਹ ਤੋਂ ਬਾਅਦ ਕਰੀ, ਹੁਣ ਮੈਂ ਵੀ ਪਤਾ ਨਹੀਂ ਕਿੰਨੇ ਦਿਨ ਜਿਊਣਾ।

ਅਪਣੀ ਮਾਂ ਨੂੰ ਬੇਬੱਸ ਹੁੰਦਿਆ ਦੇਖ ਸੁਖਵਿੰਦਰ ਵੀ ਅੱਗੋਂ ਕੁੱਝ ਨਾ ਬੋਲੀ ।

ਉਸ ਨੇ ਮੁੰਡੇ ਦੀ ਸ਼ਕਲ ਤਾਂ ਦੂਰ ਇੱਕ ਵਾਰ ਉਸਦੀ ਤਸਵੀਰ ਵੀ ਨਾ ਦੇਖੀ । ਸਭ ਕੁੱਝ ਇੰਨਾ ਜਲਦ ਹੋ ਰਿਹਾ ਸੀ ਕਿ ਉਸ ਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ ਵੀ ਉਸ ਨਾਲ ਇਹ ਹੋ ਕੀ ਰਿਹਾ। ਦੋ ਦਿਨ ਪਹਿਲਾਂ ਹੀ ਉਸਨੂੰ ਹਸਪਤਾਲ ਵਿੱਚੋ ਛੁੱਟੀ ਮਿਲੀ ਤੇ ਉਸਦੀ ਹਾਲਤ ਵੀ ਇੱਕ ਜ਼ਿੰਦਾ ਲਾਸ਼ ਜਿਹੀ ਜਾਪਦੀ ।

ਜੋ ਦਿਨ ਇੱਕ ਕੁੜੀ ਜਾਂ ਮੁੰਡੇ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਤੇ

www.PunjabiLibrary.com

Webtopdfconverter.com

ਸਭ ਤੋਂ ਖਾਸ ਦਿਨ ਹੁੰਦਾ ਓਹੀ ਦਿਨ ਉਸਨੂੰ ਉਸਦੀ ਜ਼ਿੰਦਗੀ ਦਾ ਸਭ ਤੋਂ ਬੇਕਾਰ ਦਿਨ ਜਾਪ ਰਿਹਾ ਸੀ । ਇਸ ਛੋਟੀ ਜਿਹੀ ਉਮਰ ਵਿਚ ਉਸਨੇ ਪਹਿਲਾਂ ਹੀ ਬਹੁਤ ਕੁੱਝ ਦੇਖਿਆ ਸੀ ਪਰ ਉਸ ਨੂੰ ਏਹ ਨਹੀਂ ਸੀ ਪਤਾ ਕਿ ਉਸ ਦੇ ਵਿਆਹ ਨਾਲ ਜੁੜੇ ਅਰਮਾਨ ਵੀ ਵਿੱਚ ਕਿਧਰੇ ਦੱਬ ਕੇ ਮਰ ਜਾਣ ਗੇ। ਉਸਨੇ ਜੋ ਜੋ ਸੁਪਨੇ ਦੇਖੇ ਸਾਰੇ ਉਸ ਨੂੰ ਉਹ ਸਾਰੇ ਟੁੱਟ ਦੇ ਦਿਸ ਰਹੇ ਸਨ । ਉਸਨੂੰ ਯਾਦ ਆ ਇੱਕ ਵਾਰ ਉਸ ਕੋਲੋਂ ਇੱਕ ਕੱਚ ਦਾ ਗਿਲਾਸ ਟੁੱਟਿਆ ਸੀ ਜੋ ਉਸਦੇ ਹੱਥ ਤੇ ਲੱਗਿਆ ਤੇ ਖ਼ੂਨ ਵਗਣ ਲੱਗਾ। ਓਸੇ ਕੱਚ ਦੇ ਗਿਲਾਸ ਵਾਂਗ ਅੱਜ ਉਸਨੂੰ ਅਪਣੇ ਸੁਪਨੇ ਵੀ ਟੁੱਟਦੇ ਦਿਸ ਰਹੇ ਸਨ । ਜਿਸਦੇ ਟੁੱਟਣ ਨਾਲ ਭਾਵੇਂ ਖ਼ੂਨ ਨਾ ਨਿਕਲਿਆ, ਪਰ ਉਸਦੇ ਦਿਲ ਤੇ ਇਸ ਜ਼ਖਮ ਨਾਲ ਬਹੁਤ ਡੂੰਘਾ ਅਸਰ ਹੋਇਆ । ਇੱਥੇ ਸਿਰਫ਼ ਉਸਦਾ ਸਰੀਰ ਹੀ ਲਾਵਾਂ ਲੈ ਰਿਹਾ ਸੀ, ਜਦ ਕਿ ਉਸਦਾ ਸਾਰਾ ਮਨ ਅਜੇ ਵੀ ਖੇਡ ਦੇ ਮੈਦਾਨ ਵਿੱਚ ਲੁੱਕ ਕੇ ਕਿਤੇ ਬੈਠਾ ਹੋਇਆ । ਅੱਖਾਂ ਵਿੱਚੋਂ ਅੱਥਰੂ ਕਿਰਦੇ ਤੇ ਹਰੇਕ ਲਾਂਵ ਨਾਲ ਉਸਦੇ ਦਿਲ ਦੀ ਧੜਕਣ ਵੀ ਤੇਜ਼ ਰਫਤਾਰ ਫੜ ਦੀ । ਕਦੇ ਉਸਦੇ ਜਿੱਤੇ ਹੋਏ ਮੈਡਲ ਉਸਦੇ ਸਾਮ੍ਹਣੇ ਆਉਂਦੇ ਤੇ ਗਾਯਬ ਹੁੰਦੇ , ਕਦੇ ਉਸਨੂੰ ਆਪਣੀ ਪੜਾਈ ਵਾਲੇ ਸਰਟੀਫਿਕੇਟ ਵੀ ਦਿਖਾਈ ਦਿੰਦੇ ਜੋ ਉਸਦੀਆਂ ਅੱਖਾਂ ਮੂਰੇ ਉਸਨੂੰ ਚੂੱਲ੍ਹੇ ਦੀ ਅੱਗ ਵਿੱਚ ਫੂਕਦੇ ਨਜ਼ਰ ਆ ਰਹੇ । ਪ੍ਰਿੰਸੀਪਲ ਦੀ ਕਹੀ ਹੋਈ ਗੱਲ ਵੀ ਉਸ

Webtopdfconverter.com

ਨੂੰ ਅਪਣੇ ਕੰਨਾਂ  ਵਿੱਚ ਗੂੰਜਦੀ ਸੁਣਾਈ ਦੇ ਰਹੀ ।

ਬਚਪਨ ਤੋਂ ਹੁਣ ਤੱਕ ਜਿੰਨਾਂ ਉਸਨੇ ਦਰਦ ਸਿਹਾ, ਸਾਰਾ ਦਰਦ ਜਾਣ ਲੱਗੇ ਅਪਣੀ ਮਾਂ ਦੇ ਗਲ ਲੱਗ ਅੱਖਾਂ ਵਿੱਚੋਂ ਅੱਥਰੂ ਬਹਾਨੇ ਵਹਾਅ ਦੇਣਾ ਚਾਹੁੰਦੀ ਤੇ ਅਖੀਰ ਉਸਨੂੰ ਫੁੱਲਾਂ ਵਾਲੀ ਗੱਡੀ ਵਿਚ ਬਿਠਾ ਦਿੱਤਾ ਤੇ ਗੱਡੀ ਤੁਰ ਪਈ। ਬਸੰਤ ਕੋਰ ਉਦੋਂ ਤੱਕ ਗੱਡੀ ਨੂੰ ਦੇਖਦੀ ਰਹੀ ਜਿੰਨਾਂ ਚਿਰ ਉਸ ਦੀਆਂ ਅੱਖਾਂ ਉਸਨੂੰ ਦੇਖ ਸਕਦੀਆ ਤੇ ਹੁਣ ਉਸਨੂੰ ਉਹ ਗੱਡੀ ਧੁੰਦਲੀ ਧੁੰਦਲੀ ਦਿਸਦੀ ਉਸਦੀਆਂ ਅੱਖਾਂ ਸਾਮ੍ਹਣੇ ਦੀ ਗਾਯਬ ਹੋ ਗਈ।

ਸੁਖਵਿੰਦਰ ਨੂੰ ਇੰਝ ਲੱਗ ਰਿਹਾ ਸੀ, ਜਿਵੇਂ ਕਿਸੇ ਕੈਦੀ ਨੂੰ ਪੁਲਿਸ ਵਾਲੀ ਗੱਡੀ ਜੇਲ੍ਹ ਲੈ ਕੇ ਜਾ ਰਹੀ ਹੋਵੇ ਤੇ ਉਸਦੇ ਸਾਰੇ ਸੁਪਨਿਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੋਵੇ ।

ਕਿੰਨੇ ਹੀ ਮੈਡਲ ਮੈਂ ਵੀ ਲੈਕੇ ਆਈ ਸੀ
ਪ੍ਰਿੰਸੀਪਲ ਨੇ ਵੀ ਘੁੱਟ ਗਲ ਲਾਈ ਸੀ,
ਮੇਰੇ ਸੁਪਨੇ ਮੇਰੇ ਤੋਂ ਹੀ ਕਿਉਂ ਖੋ ਰਹੀ ਜ਼ਿਦਗੀ
ਸੁਪਨੇ ਪੂਰੇ ਕਰਨ ਵ੍ਹੇਲੇ ਕਿਉਂ ਸੌ ਰਹੀ ਜ਼ਿਦਗੀ।

ਕਿਸਮਤ ਹਰਾਉਣਾ ਚਾਹੁੰਦੀ ਸੀ

**www.PunjabiLibrary.com**

Webtopdfconverter.com

ਖੇਡ ਦੇ ਮੈਦਾਨ ਵਿੱਚ

ਮਿਲੀ ਨਾ ਖ਼ੁਸ਼ੀ ਕਦੇ

ਰੱਬ ਦੇ ਵਰਦਾਨ ਵਿੱਚ,

ਓਸੇ ਮੈਦਾਨ ਵਿੱਚ ਲੁਕ

ਕਿਉਂ ਰੋ ਰਹੀ ਜ਼ਿਦਗੀ,

ਸੁਪਨੇ ਪੂਰੇ ਕਰਨ ਵ੍ਹੇਲੇ

ਕਿਉਂ ਸੌ ਰਹੀ ਜ਼ਿਦਗੀ ।।

*****

✍ ਗੁਰਦੀਪ ਸਿੰਘ ਰੱਖੜਾ

www.PunjabiLibrary.com

Webtopdfconverter.com

ਇਸ ਕਿਤਾਬ ਨੂੰ ਪੜ੍ਹਨ ਲਈ ਮੈਂ ਆਪ ਸਭ ਜੀ ਦਾ ਦਿਲੋਂ ਧੰਨਵਾਦੀ ਹੋਵਾਂਗਾ। ਸਾਡੀ ਹੌਸਲਾ ਅਫਜ਼ਾਈ ਲਈ ਸਾਨੂੰ ਜਰੂਰ ਦੱਸਿਓ ਕਿ ਥੋਨੂੰ ਕਹਾਣੀ ਕਿੱਦਾਂ ਦੀ ਲੱਗੀ।

ਨੋਟ :- ਇਸ ਕਹਾਣੀ ਬਾਰੇ ਅਪਣੇ ਵਿਚਾਰ ਅਤੇ ਇਸ ਕਹਾਣੀ ਦਾ ਅਗਲਾ ਭਾਗ ਪੜ੍ਹਣ ਲਈ ਤੁਸੀਂ ਸਾਡੇ ਇਸ ਨੰਬਰ ਤੇ ਸੰਪਰਕ ਜਾਂ ਵਾੱਟਸਅੱਪ ਤੇ ਮੈਸੇਜ ਭੇਜ ਸਕਦੇ ਹੋ।

ਗੁਰਦੀਪ ਸਿੰਘ ਰੱਖੜਾ

(94656-66693)

.... ਜਿੰਨੇ ਸੌਖੇ ਸੁਪਨੇ ਦੇਖੇ ਜਾਂਦੇ ਨੇ ਓਨੇ ਸੌਖੇ ਪੂਰੇ ਨਹੀਂ ਹੁੰਦੇ। ਪਰ ਸੁਖਵਿੰਦਰ ਜ਼ਲਦ ਹਾਰ ਮੰਨਣ ਵਾਲਿਆਂ ਚੋਂ ਨਹੀਂ ਸੀ। ਬੇਸ਼ੱਕ ਉਸਦੀ ਪੜ੍ਹਾਈ ਛੁੱਟ ਗਈ ਤੇ ਉਸਦਾ ਵਿਆਹ ਵੀ ਹੋ ਗਿਆ।

www.PunjabiLibrary.com

Webtopdfconverter.com

... ਇਸ ਕਹਾਣੀ ਦੇ ਅਗਲੇ ਭਾਗ ਵਿੱਚ ਅਸੀਂ ਜਾਣਾ ਗੇ ਕਿ ਉਸਦੇ ਸੁਪਨੇ ਪੂਰੇ ਹੋਏ ਜਾ ਨਹੀਂ, ਜਾਂ ਉਸਨੇ ਵੀ ਬਾਕੀ ਕੁੜੀਆ ਵਾਂਗ ਹਾਰ ਮੰਨ ਲਈ।

ਬਹੁਤ ਜ਼ਲਦ - - (ਭਾਗ - ਦੂਜਾ) .........

ਮੈਂ ਉਹਨਾਂ ਸਾਰਿਆਂ ਦਾ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ ਇਹ ਕਹਾਣੀ ਲਿਖਣ ਲਈ ਪ੍ਰੇਰਿਆ,

ਖ਼ਾਸ ਤੌਰ ਤੇ - - -

ਗੁਰਵਿੰਦਰ ਕੌਰ

ਹਰਸਿਮਰਨ ਕੌਰ,

ਪਰਵੀਨ ਰੱਖੜਾ,

ਸੁਖਦੀਪ ਸਿੰਘ ਰਾਇਪੁਰ।

ਲੇਖਕ - ✍ ਗੁਰਦੀਪ ਸਿੰਘ ਰੱਖੜਾ

www.PunjabiLibrary.com

Webtopdfconverter.com